੧ੴ ਵਾਹਿਗੁਰੂ ਜੀ ਕੀ ਫ਼ਤਹ

ਮਾਸਿਕ ਪੱਤਰ

# ਸੂਰਾ

ਲੁਧਿਆਣਾ

ਮਈ 2000

**SURA** Monthly

LUDHIANA

MAY 2000

MAY 2000



ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਮਨੁੱਖਤਾ ਦੇ ਕਲਿਆਣ ਹਿਤ ਸੰਸਾਰ ਵਿੱਚ ਸਭ ਤੋਂ ਵੱਡਾ ਸਰੋਵਰ ਖੁਦਵਾ ਕੇ ਕਾਇਮ ਕੀਤਾ ਸਿੱਖੀ ਦਾ ਮਹਾਨ ਕੇਂਦਰ

**ਸ੍ਰੀ ਦਰਬਾਰ ਸਾਹਿਬ, ਤਰਨ ਤਾਰਨ**

ਇਸ ਅਸਥਾਨ ਤੇ ਸਮੂਹ ਅਖੰਡ ਕੀਰਤਨੀ ਜੱਥਿਆਂ ਵੱਲੋਂ 6 ਮਈ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ।

www.AKJ.Org




ਗੁਰੂ ਅਮਰਦਾਸ ਜੀ ਦਾ ਮਹਾਨ ਇਤਿਹਾਸਕ ਅਸਥਾਨ

[illegible])

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥

# ਸੂਰਾ

ਮਾਸਿਕ ਪੱਤਰ

ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਿਕ ਪੱਤਰ

*** Read SURA at Internet : www.surainternational.com ***

ਜਿਲਦ ੩੪ ਮਈ ੨੦੦੦ ਅੰਕ ੫

## ਗੁਰਪੁਰਬ ਤੇ ਇਤਿਹਾਸਕ ਦਿਹਾੜੇ

| | |
|---|---|
| ਪ੍ਰਕਾਸ਼ ਪੁਰਬ ਗੁਰੂ ਅੰਗਦ ਦੇਵ ਜੀ | ੫ ਮਈ |
| ਪ੍ਰਕਾਸ਼ ਪੁਰਬ ਗੁਰੂ ਅਮਰਦਾਸ ਜੀ | ੧੭ ਮਈ |
| ਗੁਰਿਆਈ ਦਿਵਸ ਗੁਰੂ-ਹਰਿਗੋਬਿੰਦ ਸਾਹਿਬ ਜੀ | ੨੬ ਮਈ |

## ਚੰਦਿਆ ਦਾ ਵੇਰਵਾ

| | | |
|---|---|---|
| ਦੇਸ਼ ਸਾਲਾਨਾ | | 40 ਰੁ: |
| ਅਮਾਨਤੀ ਲਾਈਫ਼ ਮੈਂਬਰ | | 400ਰੁ: |
| ਵਿਦੇਸ਼ | ਸਮੁੰਦਰੀ ਡਾਕ | ਹਵਾਈ ਡਾਕ |
| ਸਾਲਾਨਾ | 140ਰੁ: | 400ਰੁ: |
| ਅਮਾਨਤੀ ਲਾਈਫ਼ ਮੈਂਬਰ | 1400ਰੁ: | 4000ਰੁ: |

## ਚੰਦਾ ਭੇਜਣ ਦਾ ਪਤਾ

ਸੂਰਾ ਮਾਸਿਕ ਪੱਤਰ ਗੁ: ਸਿੰਘ ਸਭਾ
ਮਾਡਲ ਟਾਊਨ, ਲੁਧਿਆਣਾ-141002
Tel : 0161-428194
Fax : 0161-536340, 532147

ਸੂਰਾ ਪੱਤਰ ਵਿਚ ਛਪੇ ਵਿਚਾਰਾਂ ਨਾਲ ਸੂਰਾ ਪਰਿਵਾਰ ਦਾ ...ਰ ਹੋਣਾ ਜ਼ਰੂਰੀ ਨਹੀਂ ਹੈ।

...ਊਟਰ ਟਾਈਪ ਸੈਟਿੰਗ : ਮਾਈਕਰੋਨਿਕਸ ਕੰਪਿਊਟਰਜ਼ (ਇੰਡੀਆ)
93, ਬਲਾਕ-16, ਪਾਹਵਾ ਰੋਡ, ਲੁਧਿਆਣਾ 141 003

## ਤਤਕਰਾ

○ ਮਨ ਦੀ ਸੁਧੀ ਦੀ ਨਵਿਰਤੀ ..... ੨
○ ਧੰਨ ਧੰਨ ਗੁਰੂ ਅਮਰਦਾਸ ਜੀ ..... ੫
○ ਗੁਰੂ ਨਾਨਕ ਮਾਰਗ ਦੀ ਖਾਸ ਵਿਸ਼ੇਸ਼ਤਾ ..... ੧੦
○ ਸ੍ਰੀ ਗੁਰੂ ਜੀ ਦਾ ਆਪਣੇ ਸਿਖਾਂ ਪ੍ਰਤੀ ਸੰਦੇਸ਼ ..... ੧੪
○ ਡਾ: ਨੇਕੀ ਨਾਲ ਕੁੱਝ ਗੱਲਾ ..... ੧੬
○ ਦੁਬਿਧਾ ਦੂਰ ਕਰਹੁ ..... ੧੭
○ ਖਾਲਸਾ ਜੀ ਦੀ ਮਰਯਾਦਾ ..... ੨੧
○ ਪੰਜ ਪਿਆਰੇ ਤੇ ਉਨ੍ਹਾਂ ਦੇ ਅਧਿਕਾਰ ..... ੨੪
○ ਗੁਰਬਾਣੀ ਵਿਚ ਨਿਰਵੈਰਤਾ ਦਾ ਸੰਕਲਪ ..... ੨੬
○ ਸੰਤ ..... ੨੯
○ ਝੂਠੇ ਪ੍ਰਚਾਰ ਤੋਂ ਸੁਚੇਤ ਹੋਣ ਦੀ ਲੋੜ ..... ੩੧
○ ਗੁਰਮਤਿ ਅਧਿਆਤਮਕ ਕਰਮ ਫ਼ਿਲਾਸਫ਼ੀ ..... ੩੨
○ ਸੇਵਾਦਾਰਾਂ ਦੀ ਸੂਚੀ ..... ੩੬
○ ਅਖੰਡ ਕੀਰਤਨੀ ਜੱਥਾ ਬੀ. ਸੀ. (ਕੈਨੇਡਾ)ਵੱਲੋਂ ਸੂਚਨਾਵਾਂ ਤੇ ਸਪਸ਼ਟੀਕਰਨ ..... ੩੭
○ ਕੀਰਤਨ ਸਰਗਰਮੀਆਂ ..... ੩੮-੩੯
○ ਰਿਸ਼ਤੇ ਨਾਤੇ ..... ੩੯
○ ਪਿਛਲੇ ਦਿੱਨੀਂ ਵਿਛੜੀਆਂ ਗੁਰਮੁਖੀ ਰੂਹਾਂ ..... ੪੦

ਡਿਜ਼ਾਈਨ ਕਰਾਫਟ ਗਿੱਲ ਰੋਡ ਲੁਧਿਆਣਾ ਤੋਂ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜੱਥੇ ਵਲੋਂ ੧੨-ਆਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋਂ ਪ੍ਰਕਾਸ਼ਤ ਕੀਤਾ।



www.AKJ.Org

# ਮਨ ਦੀ ਸ਼ੁਧੀ ਤੇ ਦੁਖਾਂ ਦੀ ਨਵਿਰਤੀ

(ਗੁਰਪੁਰਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ)

ਨਾਮ ਦਾ ਵਿਰਦ ਕਰਕੇ, ਸੁਆਸ ਅਭਿਆਸੀ ਗਰਾਸਾਂ ਕਰਕੇ, ਸ਼ਬਦ ਸੁਰਤ ਦੇ ਪਰਚੇ ਕਰਕੇ ਦਿਨੋਂ ਦਿਨ ਦੂਣ ਸਵਾਈ ਚੜ੍ਹਦੀ ਕਲਾ ਵਿਚ ਕਿਰਪਾ-ਪਾਤਰ ਬੰਦਗੀ ਵਾਲੇ, ਬੰਦਿਆਂ ਨੂੰ ਸਤਿਗੁਰੂ, ਨਿਤ ਨਵਤਨੇ ਜੋਬਨ ਵਿਚ ਸ਼ਿੰਗਾਰੇਗਾ। ਰਸਨਾ ਮੁਖ ਕਰਕੇ ਬੈਖਰੀ ਬਾਣੀ ਦੁਆਰਾ ਨਾਮ ਜਪਣ ਦਾ ਉਪਦੇਸ਼ ਥਾਉਂ ਥਾਈਂ ਭਰਿਆ ਪਿਆ ਹੈ, ਫਿਰ ਖ਼ਬਰ ਨਹੀਂ ਸਿਖ ਸਦਾਵਣ ਵਾਲੇ ਮਨਤਕੀ ਤਬਕੇ ਦੇ ਲੋਗ ਕਿਸ ਮੂੰਹ ਨਾਲ ਇਹ ਆਖ ਦਿੰਦੇ ਹਨ ਕਿ ਇਕ ਪਦ ਨੂੰ ਮੂੰਹੋਂ ਬਾਰੰਬਾਰ ਉਚਾਰੀ ਜਾਣ ਵਿਚ ਕੀ ਗੁਣ ਹੈ ? ਐਸੇ ਪੁਰਸ਼ਾਂ ਨੂੰ ਇਕ ਹੋਰ ਕਮਲ-ਖ਼ਿਆਲੀ ਚਿੰਮੜੀ ਹੋਈ ਹੈ ਕਿ ਕੇਵਲ ਸ਼ੁਧ ਹਿਰਦੇ ਵਾਲਿਆਂ ਤੋਂ ਹੀ ਨਾਮ ਦੀ ਕਮਾਈ ਹੋ ਸਕਦੀ ਹੈ, ਸ਼ੁਧ ਹਿਰਦੇ ਨਾਲ ਹੀ ਨਾਮ ਜਪਿਆ ਪਰਵਾਨ ਅਤੇ ਫਲੀਭੂਤ ਹੋ ਸਕਦਾ ਹੈ। ਕੈਸੀ ਕੁ-ਸਮਝ ਹੈ । ਹਿਰਦਾ ਸ਼ੁਧ ਤਾਂ ਨਾਮ ਨੇ ਹੀ ਕਰਨਾ ਹੈ। ਨਾਮ-ਕਮਾਈ ਤੋਂ ਬਿਨਾਂ ਹਿਰਦਾ ਸ਼ੁਧ ਹੋ ਹੀ ਨਹੀਂ ਸਕਦਾ।

ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ॥
ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ॥੧॥੨੨॥

(ਸਲੋਕ ਮ: ੩, ਸੋਰਠਿ ਵਾਰ ਮ: ੪, ਪੰਨਾ ੬੫੧)

ਗੁਰਵਾਕ ਦੇ ਅਨੁਸਾਰ ਇਕ ਤਾਂ ਇਹ ਮਨ ਜਨਮ ਜਨਮ ਦੀ ਮੈਲ ਲਗਣ ਕਰਕੇ ਕਾਲਾ ਸਿਆਹ ਪਹਿਲਾਂ ਜਮਾਂਦਰੂ ਹੀ ਹੈ। ਫੇਰ ਏਸ ਜਨਮ ਵਿਚ ਅਨਿਕ ਪ੍ਰਕਾਰੀ ਕੁਸੰਗ ਹੋਣ ਦੇ ਕਾਰਨ ਪਾਪਾਂ ਦੀ ਮੈਲ ਹੋਰ ਵਧੇਰੇ ਲਗ ਜਾਣ ਕਰਕੇ ਇਹ ਮਨ ਅਹਿਨਿਸ ਕਾਮ, ਕਰੋਧ, ਲੋਭ, ਮੋਹ ਤੇ ਹੰਕਾਰ ਨਾਲ ਅੱਟਿਆ ਹੋਇਆ ਹੈ, ਤਾਂ ਆਪੋਂ ਸੁਧ ਕਿਵੇਂ ਹੋਵੇ:

ਨਾਨਕ ਮੈਲਾ ਊਜਲੁ ਤਾ ਥੀਐ ਜਾ ਸਤਿਗੁਰ ਮਾਹਿ ਸਮਾਇ॥੧॥੧੨॥

(ਸਲੋਕ ਮ: ੩, ਸਿਰੀ ਰਾਗ ਕੀ ਵਾਰ, ਪੰਨਾ ੮੭)

ਗੁਰਵਾਕ ਦੇ ਭਾਵ ਅਨੁਸਾਰ ਨਾਮ ਰੂਪੀ ਗੁਰ-ਸ਼ਬਦ-ਕਮਾਈ ਬਿਹੂਣ ਮਨ ਦੀ ਮੈਲ ਨਹੀਂ ਉਤਰਦੀ। ਨਾਮ ਸਿਮਰਨ ਗੁਰ-ਮੰਤ੍ਰ ਦਾ ਜਾਪ ਜਪਣ ਵਿਚ ਖ਼ਾਸ ਅੰਮ੍ਰਿਤ ਰਸਾਇਣੀ ਪਾਰਸ-ਕਲਾ ਹੈ, ਜਿਸ ਦੇ ਪ੍ਰਭਾਵ ਪ੍ਰਤਾਪ ਕਜਿ ਜਨਮ ਜਨਮ ਦੀ ਮੈਲ ਕੱਟੀ ਜਾਂਦੀ ਹੈ। ਯਥਾ ਗੁਰਵਾਕ -

ਉਦਮੁ ਕਰਿ ਹਰਿ ਜਾਪਣਾ ਵਡਭਾਗੀ ਧਨੁ ਖਾਟਿ॥
ਸੰਤ ਸੰਗਿ ਹਰਿ ਸਿਮਰਣਾ ਮਲੁ ਜਨਮ ਜਨਮ ਕੀ ਕਾਟਿ॥੧॥੮੭॥

(ਸਿਰੀ ਰਾਗੁ ਮ: ੫, ਪੰਨਾ ੪੮)

ਅਸ਼ਰਧਕ ਲੋਕਾਂ ਨੂੰ ਯਕੀਨ ਨਹੀਂ ਆਉਂਦਾ ਕਿ ਜੀਭ ਰਸਨਾ ਦੁਆਰਾ ਸਿਮਰਨ ਕੀਤਿਆਂ ਮਨ ਦੀ ਮੈਲ ਕਿਵੇਂ ਉਤਰ ਜਾਂਦੀ ਹੈ, ਪਰ:

ਰਸਨਾ ਸਚਾ ਸਿਮਰੀਐ ਮਨੁ ਤਨੁ ਨਿਰਮਲੁ ਹੋਇ॥੧॥੮੯॥(ਸਿਰੀ ਰਾਗੁ ਮ: ੫, ਪੰਨਾ ੪੯)

ਗੁਰਵਾਕ ਦ੍ਰਿੜ੍ਹ ਕਰਾਉਂਦਾ ਹੈ ਕਿ ਰਸਨਾ ਦੁਆਰਾ ਸਚਾ ਨਾਮ ਸਿਮਰਨ ਕਰ ਕੇ ਮਨ ਤੇ ਤਨ ਦੋਵੇਂ ਨਿਰਮਲ ਹੋ ਜਾਂਦੇ ਹਨ। ਇਹ ਤਾਂ ਥੋੜੀ ਹੀ ਗੱਲ ਹੈ, ਅੰਮ੍ਰਿਤ ਨਾਮ ਤਾਂ ਜੰਮਣ ਮਰਨਾ ਮੇਟ ਦਿੰਦਾ ਹੈ। ਯਥਾ :

ਗੁਰਿ ਅੰਮ੍ਰਿਤ ਨਾਮੁ ਪੀਆਲਿਆ ਜਨਮ ਮਰਨ ਕਾ ਪਥੁ॥੩॥੯੦॥(ਸਿਰੀ ਰਾਗੁ ਮ: ੫, ਪੰਨਾ ੪੯)

ਅਤੇ ਇਸ ਜਨਮ ਵਿਖੇ ਅੰਮ੍ਰਿਤ ਨਾਮ ਰੂਪੀ ਗੁਰਮੰਤ੍ਰ ਪ੍ਰਾਪਤ ਕਰਕੇ ਅਤੇ ਗੁਰਮੰਤ੍ਰ ਨੂੰ ਅਹਿਨਿਸ ਉਰਿਧਾਰੇ ਰਖਣ ਦਾ ਇਹ ਪਾਰਸ-ਭੂਤੀ-ਫਲ ਹੁੰਦਾ ਹੈ ਕਿ ਜੀਉਂਦੇ ਜੀ ਉਸ ਨੂੰ ਸੰਸਾਰ ਦਾ ਕੋਈ ਭਉ ਦੁਖ ਕਲੇਸ਼ ਨਹੀਂ ਵਿਆਪ ਸਕਦਾ। ਯਥਾ ਗੁਰਵਾਕ :



www.AKJ.Org

ਦੂਖੁ ਕਲੇਸੁ ਨ ਭਉ ਬਿਆਪੈ ਗੁਰਮੰਤ੍ਰੁ ਹਿਰਦੈ ਹੋਇ॥੨॥੯੪॥(ਸਿਰੀ ਰਾਗੁ ਮ: ੫, ਪੰਨਾ ੫੧)
ਨਾਮ ਗੁਰਮੰਤ੍ਰ ਅਤੇ ਨਾਮ ਦੀ ਪਾਰਸ-ਕਲਾ ਤੋਂ ਮੁਨਕਰਾਂ ਦੇ ਸੋਧਣ ਲਈ ਇਹ ਤਕੜਾ ਤਾਜ਼ੀਆਨਾ ਹੈ। ਉਪਰਲੇ ਭਾਵ ਦੀ ਪ੍ਰੋੜ੍ਹਤਾ ਲਈ ਨਾਲ ਲਗਦੇ ਹੀ ਹੋਰ ਗੁਰਵਾਕ ਦੀ ਪੁਸ਼ਟੀ ਲਓ। ਯਥਾ :

ਹਰਿ ਹਰਿ ਨਾਮੁ ਹਰਿ ਹਰਿ ਜਗਿ ਅਵਖਧੁ ਹਰਿ ਹਰਿ ਨਾਮੁ ਹਰਿ ਸਾਤੇ॥
ਤਿਨ ਕੇ ਪਾਪ ਦੋਖ ਸਭਿ ਬਿਨਸੇ ਜੋ ਗੁਰਮਤਿ ਰਾਮ ਰਸੁ ਖਾਤੇ॥੨॥੫੪॥
(ਗਉੜੀ ਪੂਰਬੀ ਮ: ੪, ਪੰਨਾ ੧੬੯)

ਹਰਿ ਹਰਿ ਪਦ ਨਾਮ ਦੇ ਨਾਲ ਮੁੜ ਮੁੜ ਲਿਖਣ ਦਾ ਭਾਵ ਇਹ ਹੈ ਕਿ ਗੁਰਮਤਿ ਨਾਮ ਨੂੰ ਇਸ ਬਿਧ ਮੁੜ ਮੁੜ ਓਹੀ ਨਾਮ ਉਚਾਰ ਕੇ ਬਾਰ ਬਾਰ ਜਪਣਾ ਹੈ, ਅਰਥਾਤ, ਅੱਠੋ ਪਹਿਰ ਇਸ ਦਾ ਜਾਪ ਸਿਮਰਨ ਕਰਨਾ ਹੈ। ਕਿਸੇ ਉਕਤੀ ਯੁਕਤੀ ਦੀ ਕੋਈ ਲੋੜ ਨਹੀਂ। ਕੇਵਲ ਸਹਜ ਸੁਭਾਇ ਹੀ ਗੁਰਬਾਣੀ ਤੇ ਨਾਮ ਦਾ ਅਰਾਧਨ ਆਪਣੀ ਪਾਰਸ-ਕਲਾ ਵਰਤਾਏ ਬਿਨਾਂ ਨਹੀਂ ਰਹਿੰਦਾ। ਯਥਾ ਗੁਰਵਾਕ :

ਸਹਜਿ ਸੁਭਾਇ ਬੋਲੈ ਹਰਿ ਬਾਣੀ॥ ਆਠ ਪਹਰ ਪ੍ਰਭ ਸਿਮਰਹੁ ਪ੍ਰਾਣੀ॥੩॥
ਦੂਖੁ ਦਰਦੁ ਜਮੁ ਨੇੜਿ ਨ ਆਵੈ॥ ਕਹੁ ਨਾਨਕ ਜੋ ਹਰਿ ਗੁਨ ਗਾਵੈ॥ ੪॥੫੯॥੧੨੮॥
(ਗਉੜੀ ਮ: ੫, ਪੰਨਾ ੧੯੧)

ਇਸ ਭਾਵ ਦੀ ਪ੍ਰੋੜ੍ਹਤਾ ਵਿਚ ਇਹ ਅਗਲਾ ਗੁਰਵਾਕ ਖੂਬ ਨਿਸ਼ਾ ਕਰਦਾ ਹੈ:

ਨਿਰਮਲ ਗੁਣ ਗਾਵਹੁ ਨਿਤ ਨੀਤ॥ ਗਈ ਬਿਆਧਿ ਉਬਰੇ ਜਨ ਮੀਤ॥੩॥੧੭੧॥
(ਗਉੜੀ ਮ: ੫, ਪੰਨਾ ੨੦੦)

ਰਸਨਾ ਦੁਆਰਾ ਨਾਮ ਜਪਣ ਦੀ ਚੁੰਭਕ ਕਲਾ ਐਸੀ ਹੈ ਕਿ ਬੜੇ ਬੜੇ ਮਹਾਂ ਕਸ਼ਟ ਭੀ ਇਕ ਖਿਨ ਵਿਚ ਕਟੇ ਜਾਂਦੇ ਹਨ। ਯਥਾ ਗੁਰਵਾਕ :

ਮਹਾ ਕਸਟ ਕਾਟੈ ਖਿਨ ਭੀਤਰਿ ਰਸਨਾ ਨਾਮੁ ਚਿਤਾਰੇ॥੧॥੧੩੮॥
(ਗਉੜੀ ਪੂਰਬੀ ਮ: ੫, ਪੰਨਾ ੨੧੦)

ਨਾਮ ਭਜਨੀਕ ਸੰਤਾਂ ਭਗਤਾਂ ਲਈ ਹਰਿ-ਰਸ ਕਰਨਾ, ਸੁਣਨਾ ਅਥਵਾ ਗਾਵਣਾ ਜੀਵਨ ਰੂਪ ਜੀਵਾਂ ਦਾ ਮੂਲ ਹੈ, ਜਿਸ ਬਿਨਾਂ ਨਾਮ ਰਸੀਏ ਜਨ ਜੀਉ ਨਹੀਂ ਸਕਦੇ, ਸੁਆਸਿ ਸੁਆਸਿ ਇਸ ਨਾਮ ਰੂਪੀ ਜੀਵਨ-ਰਾਸ ਅੰਮ੍ਰਿਤ ਪੂੰਜੀ ਨੂੰ ਭੁੰਚ ਭੁੰਚ ਜੀਉਂਦੇ ਹਨ। ਯਥਾ ਗੁਰਵਾਕ :

ਜੀਵਨ ਰੂਪ ਗੋਪਾਲ ਜਸੁ ਸੰਤ ਜਨਾ ਕੀ ਰਾਸਿ॥
ਨਾਨਕ ਉਬਰੇ ਨਾਮੁ ਜਪਿ ਦਰਿ ਸਚੈ ਸਾਬਾਸਿ॥੪॥੩॥੧੭੧॥ (ਗਉੜੀ ਮਾਝ ਮ: ੫, ਪੰਨਾ ੨੧੮)

ਤਾਹੀਂ ਤੇ ਸਤਿਗੁਰੂ ਦੇ ਨਾਮ ਨੂੰ ਸਰਬ ਫਲ ਪਰਦਾਤਾ, ਪਾਰਜਾਤ ਅਤੇ ਸਰਬ ਕਾਮਨਾ ਪੁਜਾਵਨਹਾਰ ਕਾਮਧੇਨ ਰੂਪ ਕਰਕੇ ਗੁਰਬਾਣੀ ਅੰਦਰਿ ਦਰਸਾਇਆ ਹੈ ਯਥਾ ਗੁਰਵਾਕ :

ਪਾਰਜਾਤੁ ਇਹੁ ਹਰਿ ਕੋ ਨਾਮ॥ ਕਾਮਧੇਨ ਹਰਿ ਹਰਿ ਗੁਣ ਗਾਮ॥੮॥੨॥
(ਗਉੜੀ ਸੁਖਮਨੀ ਮ: ੫, ਪੰਨਾ ੨੬੫)

ਸਾਰਿਆਂ ਰੋਗਾਂ ਦਾ ਅਉਖਧ ਰੂਪ ਦਾਰੂ ਭੀ ਨਾਮ ਹੀ ਹੈ ਅਤੇ ਉਸ ਦੇ ਮੰਗਲ-ਮਈ ਗੁਣ ਗਾਵਣੇ ਕਲਿਆਣਕਾਰੀ ਹਨ। ਯਥਾ ਗੁਰਵਾਕ :

ਸਰਬ ਰੋਗ ਕਾ ਅਉਖਦੁ ਨਾਮੁ॥ ਕਲਿਆਣ ਰੂਪ ਮੰਗਲ ਗੁਣ ਗਾਮ॥੫॥੯॥
(ਗਉੜੀ ਸੁਖਮਨੀ ਮ: ੫, ਪੰਨਾ ੨੭੪)

ਮੰਗਲ ਗੁਣ ਗਾਉਣ ਨਾਲ ਹਉਮੈ ਰੂਪੀ ਬਿਖ ਅਤੇ ਮੈਲ ਭੀ ਦੂਰ ਹੋ ਜਾਂਦੀ ਹੈ। ਗੁਰਵਾਕ :

ਗੁਨ ਗਾਵਤ ਤੇਰੀ ਉਤਰਸਿ ਮੈਲੁ॥ ਬਿਨਸਿ ਜਾਇ ਹਉਮੈ ਬਿਖੁ ਫੈਲੁ॥੭॥੧੯॥
(ਗਉੜੀ ਸੁਖਮਨੀ ਮ: ੫, ਪੰਨਾ ੨੮੯)

ਇਸ ਹਉਮੈ ਦੀ ਮੈਲ ਰੂਪੀ ਬਿਖ ਦੇ ਅੰਮ੍ਰਿਤ ਨਾਮ ਦੁਆਰਾ ਉਤਰ ਜਾਣ ਦੀ ਅਗਲੇਰਾ ਗੁਰਵਾਕ ਸ਼ਾਹਦੀ ਭਰਦਾ ਹੈ:

ਹਉਮੈ ਮੈਲੁ ਬਿਖੁ ਉਤਰੈ ਹਰਿ ਅੰਮ੍ਰਿਤੁ ਹਰਿ ਉਰਧਾਰਿ॥੨॥੧॥ (ਮ: ੪, ਪੰਨਾ ੩੦੦)

ਇਹ ਅੰਮ੍ਰਿਤ ਨਾਮ ਐਸਾ ਪਵਿਤਰ ਅਤੇ ਪਾਵਨ ਪੁਨੀਤ ਹੈ ਕਿ ਇਸ ਦੇ ਮੁਖ ਕਰਕੇ ਬੋਲਣ ਨਾਲ ਹੀ ਸਭ ਦੁਖ ਦਲਿਦਰ ਦੂਰ ਹੋ ਜਾਂਦੇ ਹਨ। ਯਥਾ ਗੁਰਵਾਕ :

ਨਾਨਕ ਨਾਮੁ ਪਵਿਤੁ ਹਰਿ ਮੁਖਿ ਬੋਲੀ ਸਭਿ ਦੁਖ ਪਰਹਰੀ॥੨॥੨॥ (ਮ: ੪, ਪੰਨਾ ੩੦੧)

ਹੁਣ ਭੀ ਕੋਈ ਕਸਰ ਬਾਕੀ ਹੈ ਮਨਤਕੀ ਦਲੀਲ-ਬਾਜ਼ਾਂ ਦੀ ਤੱਸਲੀ ਕਰਨ ਦੀ, ਜੋ ਕਹਿੰਦੇ ਹਨ ਕਿ ਮੂੰਹ ਨਾਲ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਬੋਲੀ ਜਾਣ ਨਾਲ ਕੀ ਬਣਦਾ ਹੈ ਏਹ ਹੈ ਗੁਰਮਤਿ ਨਾਮ ਦੀ ਮੁਖ ਬੋਲੀ ਪਾਰਸ-ਕਲਾ।

ਸਦਾ ਸਦਾ ਗੁਣ ਉਚਰੈ ਦੁਖੁ ਦਾਲਦੁ ਗਇਆ ਬਿਲਾਇ॥੧॥੧੬॥ (ਸਲੋਕ ਮ: ੫ ਪੰਨਾ ੩੨੧)

ਰੂਪੀ ਗੁਰਵਾਕ ਇਤਰਾਜ਼ ਕਰਨ ਵਾਲਿਆਂ ਦੀ ਮਤਿ ਠਿਕਾਣੇ ਕਰਦਾ ਹੈ, ਜੋ ਕਹਿੰਦੇ ਹਨ ਕਿ ਗੁਰਬਾਣੀ ਜਾਂ ਗੁਰਮੰਤ੍ਰ ਦਾ ਮੁੜ ਮੁੜ ਪਾਠ ਕਰਨਾ ਐਵੇਂ ਬਕਰੀ ਵਾਂਗੂੰ ਮੂੰਹ ਮਾਰਨਾ ਹੈ। ਗੁਰਵਾਕ ਦਾ ਫ਼ੁਰਮਾਨ ਹੁਕਮ ਤਾਂ ਇਹ ਹੈ ਕਿ "ਸਦਾ ਸਦਾ ਗੁਣ ਉਚਰੈ" ਅਤੇ ਇਸ ਦਾ ਪਾਰਸ ਚੁੰਭਕੀ ਫੱਲ ਇਹ ਹੈ : "ਦੁਖੁ ਦਾਲਦੁ ਗਇਆ ਬਿਲਾਇ", ਫੇਰ ਦਸੋ ਕਿ ਹੁਣ ਸ਼ਕ ਵਾਲੀ ਕਿਹੜੀ ਗੱਲ ਰਹਿ ਗਈ। ਫੇਰ ਇਸੈ ਭਾਵ ਦੀ ਪ੍ਰੋੜ੍ਹਤਾ ਹਿਤ ਹੇਠਲਾ ਗੁਰਵਾਕ ਭੀ ਖ਼ੂਬ ਸੋਭਦਾ ਹੈ:

ਦੂਖ ਰੋਗ ਭਏ ਗਤੁ ਤਨ ਤੇ ਮਨੁ ਨਿਰਮਲੁ ਹਰਿ ਹਰਿ ਗੁਣ ਗਾਇ॥
ਭਏ ਅਨੰਦ ਮਿਲਿ ਸਾਧੂ ਸੰਗਿ ਅਬ ਮੇਰਾ ਮਨੁ ਕਤ ਹੀ ਨ ਜਾਇ॥੧॥
ਤਪਤਿ ਬੁਝੀ ਗੁਰ ਸਬਦੀ ਮਾਇ॥
ਬਿਨਸਿ ਗਇਓ ਤਾਪ ਸਭ ਸਹਸਾ ਗੁਰੁ ਸੀਤਲੁ ਮਿਲਿਓ ਸਹਜਿ ਸੁਭਾਇ॥੧॥ਰਹਾਉ॥੯॥
(ਆਸਾ ਮ: ੫, ਪੰਨਾ ੩੭੩)

ਤਨ ਤੇ ਮਨ ਦੇ ਸਾਰੇ ਰੋਗਾਂ ਦੇ ਦੂਰ ਕਰਨ ਲਈ ਸੱਚਾ ਨਾਮ ਕਿਆ ਅਜਬ, ਅਉਖਧ ਸਾਬਤ ਹੋਇਆ। ਸਤਿਗੁਰੂ ਦੀ ਬਾਣੀ ਅੰਮ੍ਰਿਤ ਕਲਾ ਸੰਪੰਨ ਹੈ, ਇਸ ਦੇ ਅਰਥ ਲਾਉਣ ਦੀ ਲੋੜ ਨਹੀਂ, ਨਾ ਏਥੇ ਕੋਈ ਸੋਚ ਵਿਚਾਰਾਂ ਦੇ ਸਿਲਸਿਲੇ ਛੇੜਨ ਦੀ ਲੋੜ ਹੈ। ਲੋੜ ਹੈ ਤਾਂ ਕੇਵਲ ਸ਼ਰਧਾ ਭਗਤਿ ਭਾਵਨੀ ਦੀ ਹੈ। ਅੰਮ੍ਰਿਤ ਬਾਣੀ ਦੇ ਬੋਲਣ ਦੇ ਨਾਲ ਹੀ ਬੋਲਣਹਾਰੇ ਦੇ ਮੁਖ ਵਿਖੇ ਅੰਮ੍ਰਿਤ ਪੈਂਦਾ ਹੈ। ਯਥਾ ਗੁਰਵਾਕ :

ਅੰਮ੍ਰਿਤ ਬਚਨ ਸਤਿਗੁਰ ਕੀ ਬਾਣੀ ਜੋ ਬੋਲੈ ਸੁ ਮੁਖਿ ਅੰਮ੍ਰਿਤੁ ਪਾਵੈ॥੨॥੬॥ (ਪੰਨਾ ੪੯੪)

ਤਥਾ– ਹਰਿ ਜਨ ਊਤਮ ਊਤਮ ਬਾਣੀ ਮੁਖਿ ਬੋਲਹਿ ਪਰਉਪਕਾਰੇ॥
ਜੋ ਜਨ ਸੁਣੈ ਸਰਧਾ ਭਗਤਿ ਸੇਤੀ ਕਰਿ ਕਿਰਪਾ ਹਰਿ ਨਿਸਤਾਰੇ॥
(ਗੂਜਰੀ ਮ: ੪, ਪੰਨਾ ੪੯੩)

ਵਾਹ । ਧੰਨ । ਗੁਰਬਾਣੀ ਦੀ ਅੰਮ੍ਰਿਤ ਪਾਰਸ ਪਰਸ, ਸ਼ਰਧਾ ਭਗਤਿ ਸੇਤੀ ਸੁਣਨ ਪੜ੍ਹਨਹਾਰੇ ਦੋਹਾਂ ਦਾ ਨਿਸਤਾਰਾ ਹੋ ਜਾਂਦਾ ਹੈ। ਅਸੀਂ ਹਰ ਰੋਜ਼ ਸ੍ਰੀ ਅਨੰਦ ਸਾਹਿਬ ਦੇ ਪਾਠ ਵਿਚ ਪੜ੍ਹਦੇ ਸੁਣਦੇ ਹਾਂ ਕਿ :

ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ॥
ਸੰਤ ਸਾਜਨ ਭਏ ਸ ਰਸੇ ਪੂਰੇ ਗੁਰ ਤੇ ਜਾਣੀ॥
ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰੁ ਰਹਿਆ ਭਰਪੂਰੇ॥
ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ॥੪੦॥ ਪੰਨਾ ੯੨੨

('ਗੁਰਮਤਿ ਨਾਮ ਅਭਿਆਸ ਕਮਾਈ' ਪੁਸਤਕ ਵਿਚੋਂ)

# ਧੰਨ ਧੰਨ ਗੁਰੂ ਅਮਰਦਾਸ ਦਾਸ ਜੀ (ਜਨਮ-ਦਿਨ ਤੇ ਵਿਸ਼ੇਸ਼)

(ਵਲੋਂ ਅਜੀਤ ਕੌਰ ਲੁਧਿਆਣਾ)

ਤੀਸਰੀ ਪਾਤਸ਼ਾਹੀ ਗੁਰੂ ਅਮਰਦਾਸ ਜੀ ਦਾ ਜਨਮ 5 ਮਈ 1479 ਮੁਤਾਬਕ ਵਿਸਾਖ ਸੁਦੀ 14 ਸੰਮਤ 1536 ਨੂੰ ਪਿੰਡ ਬਾਸਰਕੇ ਜ਼ਿਲਾ ਅੰਮ੍ਰਿਤਸਰ ਵਿੱਚ ਪਿਤਾ ਸ੍ਰੀ ਤੇਜ ਭਾਨ ਤੇ ਮਾਤਾ ਸੁਲੱਖਣੀ ਜੀ ਦੇ ਘਰ ਹੋਇਆ। ਗੁਰੂ ਅਮਰਦਾਸ ਜੀ ਉਮਰ ਵਿੱਚ ਗੁਰੂ ਨਾਨਕ ਦੇਵ ਜੀ ਨਾਲੋਂ ਦਸ ਸਾਲ ਅਤੇ ਪੰਦਰਾਂ ਦਿਨ ਛੋਟੇ ਸਨ ਤੇ ਗੁਰੂ ਅੰਗਦ ਦੇਵ ਜੀ ਨਾਲੋਂ ਪਚੀ ਸਾਲ ਵੱਡੇ ਸਨ।

ਆਪ ਜੀ ਦੇ ਮਾਤਾ ਪਿਤਾ ਦੋਵੇਂ ਵੈਸ਼ਨੂੰ ਧਰਮ ਦੇ ਅਨੁਸਾਰੀ ਅਤੇ ਬੜੇ ਧਾਰਮਿਕ ਤੇ ਉੱਚੇ ਸੁੱਚੇ ਜੀਵਨ ਵਾਲੇ ਸਨ। ਉਨ੍ਹਾਂ ਦੇ ਅਸਰ ਹੇਠ ਸ੍ਰੀ ਅਮਰਦਾਸ ਜੀ ਵਿੱਚ ਵੀ ਮੁੱਢ ਤੋਂ ਧਾਰਮਿਕ ਰੁਚੀ ਪੈਦਾ ਹੋਈ ਤੇ ਵਧੀ। ਆਪ ਜੀ ਦੇ ਪਿਤਾ ਸ੍ਰੀ ਤੇਜ ਭਾਨ ਜੀ ਵਾਹੀ ਖੇਤੀ ਤੇ ਦੁਕਾਨਦਾਰੀ ਦੋਵੇਂ ਕੰਮ ਕਰਦੇ ਸਨ। ਬੜੇ ਨਿਘੇ ਸੁਭਾ ਦੇ ਤੇ ਮਿਠ ਬੋਲੜੇ ਸਨ ਅਤੇ ਵਰਤੋਂ ਵਿਹਾਰ ਵਿੱਚ ਸੱਚੇ ਤੇ ਖਰੇ ਸਨ। ਇਸ ਕਰਕੇ ਬਰਾਦਰੀ ਤੇ ਆਂਢ ਗੁਆਂਢ ਵਿੱਚ ਉਹਨਾਂ ਨੂੰ ਚੋਖਾ ਮਾਣ ਪ੍ਰਾਪਤ ਸੀ। ਜਦੋਂ ਅਮਰਦਾਸ ਜੀ ਜਵਾਨ ਹੋਏ ਤਾਂ ਆਪ ਨੇ ਪਿਤਾ ਜੀ ਦਾ ਕੰਮ ਸੰਭਾਲ ਲਿਆ। ਸ੍ਰੀ ਤੇਜ ਭਾਨ ਜੀ ਹੁਣ ਆਪਣਾ ਸਾਰਾ ਸਮਾਂ ਧਰਮ ਤੇ ਪੂਜਾ ਪਾਠ ਵਿਚ ਖਰਚ ਕਰਦੇ ਸਨ।

ਆਪ ਜੀ ਦਾ ਵਿਆਹ ਸ੍ਰੀ ਦੇਵੀ ਚੰਦ ਬਹਿਲ ਖੱਤਰੀ ਦੀ ਸਪੁੱਤਰੀ ਬੀਬੀ ਰਾਮ ਕੌਰ ਜੀ ਨਾਲ 11 ਮੱਘਰ ਸੰਮਤ 1559 ਨੂੰ ਹੋਇਆ। ਵਿਆਹ ਵੇਲੇ ਆਪ ਜੀ ਦੀ ਉਮਰ ਪੋਣੇ ਚੌਵੀ ਸਾਲ ਦੀ ਸੀ। ਆਪ ਜੀ ਦੇ ਘਰ ਦੋ ਪੁੱਤਰ ਬਾਬਾ ਮੋਹਨ ਜੀ ਤੇ ਬਾਬਾ ਮੋਹਰੀ ਜੀ ਤੇ ਦੋ ਪੁੱਤਰੀਆਂ ਬੀਬੀ ਦਾਨੀ ਜੀ ਤੇ ਬੀਬੀ ਭਾਨੀ ਜੀ ਹੋਈਆਂ।

ਆਪਣੇ ਪਿਤਾ ਜੀ ਵਾਂਗ ਆਪ ਵੈਸ਼ਨੂੰ ਮੱਤ ਦੇ ਅਨੁਸਾਰੀ ਸਨ। ਆਪ ਧਰਮ ਦੀ ਕਿਰਤ ਦਾਨ-ਪੁੰਨ, ਪੂਜਾ-ਪਾਠ ਜਪ-ਤਪ ਤੇ ਸੰਤ-ਸੇਵਾ ਕਰਨ ਵਾਲੇ ਸਨ। ਕਠਨ ਤਪ ਸਾਧ ਸਾਧ ਕੇ ਆਪ ਮਨ ਨੂੰ ਵੱਸ ਕਰਨ ਦੇ ਜਤਨ ਕਰਦੇ ਹੁੰਦੇ ਸਨ। ਸਾਲ ਵਿੱਚ ਦੋ ਵਾਰ ਗੰਗਾ ਦੀ ਯਾਤਰਾ ਕਰਨ ਲਈ ਜਾਇਆ ਕਰਦੇ ਸਨ।

ਸੰਮਤ 1597 ਨੂੰ ਜਦੋਂ ਆਪ ਵੀਹਵੀਂ ਯਾਤਰਾ ਤੋਂ ਆ ਰਹੇ ਸਨ ਤਾਂ ਆਪ ਨੂੰ ਇੱਕ ਬ੍ਰਹਮਚਾਰੀ ਸਾਧ ਮਿਲਿਆ। ਦੋਹਾਂ ਦਾ ਪ੍ਰਸਪਰ ਪ੍ਰੇਮ ਪੈ ਗਿਆ। ਦੋਵੇਂ ਇਕੱਠੇ ਸਫਰ ਕਰਦੇ ਆਏ। ਮਹੀਨੇ ਕੁ ਬਾਅਦ ਆਪ ਬਾਸਰਕੇ ਪਹੁੰਚ ਗਏ। ਬ੍ਰਹਮਚਾਰੀ ਕੁਝ ਦਿਨ ਆਪ ਜੀ ਦੇ ਪਾਸ ਠਹਿਰ ਗਿਆ। ਪਹਿਲਾਂ ਤਾਂ ਉਹ ਆਪ ਆਪਣੀ ਰੋਟੀ ਪਕਾ ਕੇ ਖਾਂਦਾ ਸੀ ਫੇਰ ਸ੍ਰੀ ਅਮਰਦਾਸ ਜੀ ਦੀ ਪੱਕੀ ਵੀ ਖਾਣ ਲੱਗ ਪਿਆ। ਇੱਕ ਦਿਨ ਉਸ ਨੇ ਪੁੱਛਿਆ ਕੇ ਤੁਹਾਡਾ ਗੁਰੂ ਕੌਣ ਹੈ ? ਅਗੋਂ ਸ੍ਰੀ ਅਮਰਦਾਸ ਜੀ ਨੇ ਉੱਤਰ ਦਿੱਤਾ ਕਿ ਅਜੇ ਤੀਕ ਤਾਂ ਅਸਾਂ ਕੋਈ ਗੁਰੂੰ ਧਾਰਨ ਨਹੀਂ ਕੀਤਾ। ਇਹ ਸੁਣਦਿਆਂ ਹੀ ਬ੍ਰਹਮਚਾਰੀ ਗੁੱਸੇ ਵਿੱਚ ਆ ਗਿਆ ਤੇ ਕਹਿਣ ਲੱਗਾ 'ਅਰੇ ਇਹ ਕੀ ਹੋਇਆ। ਨਿਗੁਰੇ ਦਾ ਤਾਂ ਦਰਸ਼ਨ ਕਰਨਾ ਵੀ ਬੁਰਾ ਹੁੰਦਾ ਹੈ ਮੈ ਤਾਂ ਮਹੀਨੇ ਤੋਂ ਵੱਧ ਸੰਗ ਕੀਤਾ, ਨਿਗੁਰੇ ਦਾ ਧਾਨ ਵਰਤਦਾ ਰਿਹਾ, ਨਿਗੁਰੇ ਦੇ ਹੱਥਾਂ ਦਾ ਰਿਧਾ ਪੱਕਾ ਖਾਂਦਾ ਰਿਹਾ ਹਾਂ। ਮੇਰੇ ਤੇ ਮੰਦੇ ਭਾਗ ਹਨ। ਮੇਰੇ ਤਾਂ ਸਾਰੇ ਵਰਤ-ਨੇਮ, ਇਸ਼ਨਾਨ, ਧਰਮ-ਕਰਮ, ਪੂਜਾ-ਪਾਠ ਨਾਸ ਹੋ ਗਏ ਹਨ। ਮੇਰਾ ਤਾਂ ਜਨਮ ਹੀ ਨਸ਼ਟ ਹੋ ਗਿਆ। ਚੱਲ ਮਨਾਂ ਕਰ ਪਸ਼ਚਾਤਾਪ ਤੇ ਧੋ ਇਸ ਪਾਪ ਨੂੰ'

ਬ੍ਰਹਮਚਾਰੀ ਤਾਂ ਅਜਿਹੇ ਵਾਕ ਬੋਲਦਾ ਚਲਾ ਗਿਆ ਪਰ ਉਹ ਸ੍ਰੀ ਅਮਰਦਾਸ ਜੀ ਨੂੰ ਇੱਕ ਨਾ-ਮਿਟਣ ਵਾਲੀ ਉਦਾਸੀ ਵਿੱਚ ਪਾ ਗਿਆ। ਉਹਨਾਂ ਦੇ ਦਿਲ ਵਿੱਚ ਗੁਰੂ-ਧਾਰਨ ਦੀ ਤਾਂਘ ਠਾਠਾਂ ਮਾਰਨ ਲੱਗ ਪਈ। ਪਰ ਗੁਰੂ ਕਿਥੋਂ ਲੱਭੇ ਤੇ ਕਿਵੇਂ ਲੱਭੇ ? ਆਪ ਕਈ ਸਾਧਾਂ ਸੰਤਾਂ ਨੂੰ ਵੀ ਮਿਲੇ ਪਰ ਕਿਤਿਉਂ ਵੀ ਸ਼ਾਂਤੀ ਪ੍ਰਾਪਤ ਨਾ ਹੋਈ ਤੇ ਗੁਰੂ ਧਾਰਨ ਦੀ ਤਾਂਘ ਅਧੂਰੀ ਰਹਿ ਗਈ । ਨਾ ਦਿਨੇ ਚੈਨ ਆਵੇ ਤੇ ਨਾ ਰਾਤ ਨੂੰ ਨੀਂਦ ਆਵੇ।

ਕੁਝ ਸਮਾਂ ਇਸੇ ਤਰ੍ਹਾਂ ਹੀ ਉਦਾਸੀ ਤੇ ਬੇਚੈਨੀ ਵਿੱਚ ਬੀਤ ਗਿਆ। ਇੱਕ ਦਿਨ ਅੰਮ੍ਰਿਤ ਵੇਲੇ ਸ੍ਰੀ



www.AKJ.Org

ਅਮਰਦਾਸ ਜੀ ਨੂੰ ਆਪਣੇ ਛੋਟੇ ਭਰਾ ਦੇ ਘਰੋਂ ਮਿਠੀ ਮਿਠੀ ਆਵਾਜ਼ ਸੁਣਾਈ ਦਿੱਤੀ। ਕੰਨ ਲਾ ਕੇ ਸੁਣਿਆ। ਆਪ ਜੀ ਨੂੰ ਇਹ ਸ਼ਬਦ ਸੁਣਾਈ ਦਿੱਤੇ:-

"ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ॥
ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ ਤਉ ਗੁਣ ਨਾਹੀ ਅੰਤੁ ਹਰੇ॥੧॥
ਚਿਤ ਚੇਤਸਿ ਕੀ ਨਹੀ ਬਾਵਰਿਆ॥ ਹਰਿ ਬਿਸਰਤ ਤੇਰੇ ਗੁਣ ਗਲਿਆ॥੧॥ਰਹਾਉ॥
ਜਾਲੀ ਰੈਨਿ ਜਾਲੁ ਦਿਨੁ ਹੂਆ ਜੇਤੀ ਘੜੀ ਫਾਹੀ ਤੇਤੀ॥
ਰਸਿ ਰਸਿ ਚੋਗ ਚੁਗਹਿ ਨਿਤ ਫਾਸਹਿ ਛੂਟਸਿ ਮੂੜੇ ਕਵਨ ਗੁਣੀ॥੨॥
ਕਾਇਆ ਆਰਣੁ ਮਨੁ ਵਿਚਿ ਲੋਹਾ ਪੰਚ ਅਗਨਿ ਤਿਤੁ ਲਾਗ ਰਹੀ॥
ਕੋਇਲੇ ਪਾਪ ਪੜੇ ਤਿਸੁ ਊਪਰਿ ਮਨੁ ਜਲਿਆ ਸੰਨੀ ਚਿੰਤ ਭਈ॥੩॥
ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ॥
ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ ਤਉ ਨਾਨਕ ਤ੍ਰਿਸਟਸਿ ਦੇਹਾ॥੪॥ (ਮਾਰੂ ਮਹਲਾ ੧ ਪੰਨਾ ੯੯੦)

ਇਹ ਸ਼ਬਦ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸਪੁੱਤ੍ਰੀ ਬੀਬੀ ਅਮਰੋ ਪੜ ਰਹੀ ਸੀ। ਇਹ ਬੀਬੀ ਸ੍ਰੀ ਅਮਰਦਾਸ ਜੀ ਦੇ ਛੋਟੇ ਭਰਾਂ ਦੀ ਨੂੰ ਸੀ। ਇਸ ਸ਼ਬਦ ਦਾ ਅਤੇ ਹੋਰ ਬਾਣੀਆਂ ਦਾ ਜੋ ਆਪ ਜੀ ਨੇ ਬੀਬੀ ਜੀ ਦੀ ਰਸਨਾ ਤੋਂ ਉਚਾਰੀਆਂ ਹੋਈਆਂ ਸੁਣੀਆਂ ਸਨ ਉਹਨਾਂ ਦਾ ਆਪ ਜੀ ਦੇ ਮਨ ਤੇ ਬਹੁਤ ਡੂੰਘਾ ਅਸਰ ਹੋਇਆ। ਮਨ ਵਿੱਚ ਤਾਂਘ ਪੈਦਾ ਹੋਈ ਕਿ ਜਿਸ ਮਹਾਂ ਪੁਰਖ ਦੀ ਇਹ ਬਾਣੀ ਹੈ ਉਸ ਦੇ ਦਰਸ਼ਨ ਕਰੀਏ ਤਾਂਕਿ ਮਨ ਨੂੰ ਕੁਝ ਟਿਕਾ ਆਵੇ। ਦਿਨ ਚੜ੍ਹਿਆ ਤਾਂ ਆਪ ਬੀਬੀ ਅਮਰੋ ਪਾਸ ਗਏ ਅਤੇ ਕਹਿਣ ਲੱਗੇ-' ਪੁਤ੍ਰੀ । ਜਿਸ ਬਾਣੀ ਦਾ ਪਾਠ ਤੁਸੀਂ ਕਰਦੇ ਸਉ, ਉਹ ਕਿਸ ਦੀ ਹੈ ? ਉਹ ਕਿਥੇ ਹੈ ?

ਬੀਬੀ ਅਮਰੋ ਨੇ ਉੱਤਰ ਦਿੱਤਾ- 'ਪਿਤਾ ਜੀ ਇਹ ਬਾਣੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹੈ। ਹੁਣ ਦੂਜੇ ਗੁਰੂ ਗਦੀ ਤੇ ਬਿਰਾਜਮਾਨ ਹਨ ਜੋ ਖਡੂਰ ਸਾਹਿਬ ਵਿੱਚ ਹਨ। ਇਹ ਸੁਣ ਕੇ ਆਪ ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਕਰਨ ਖਡੂਰ ਸਾਹਿਬ ਪੁੱਜ ਗਏ। ਇਹ ਗਲ ਕੱਤਕ ਮਹੀਨੇ ਸੰਮਤ 1597 ਦੀ ਹੈ। ਉਸ ਸਮੇਂ ਆਪ ਜੀ ਦੀ ਉਮਰ ਸਾਢੇ ਕੁ 61 ਸਾਲ ਦੀ ਸੀ ਅਤੇ ਗੁਰੂ ਅੰਗਦ ਦੇਵ ਜੀ ਉਸ ਸਮੇਂ ਸਾਢੇ ਕੁ 39 ਵਰ੍ਹੇ ਦੇ ਸਨ

ਗੁਰੂ ਅੰਗਦ ਦੇਵ ਜੀ ਨੇ ਸਿੱਖੀ ਦਾ ਪਹਿਲਾ ਵੱਡਾ ਨੇਮ ਤੇ ਸਿਖੀ ਰਹਿਤ ਦਾ ਵੱਡਾ ਅੰਗ ਹੁਕਮ-ਮੰਨਣ ਦਾ ਕਮਾ ਕੇ ਵਿਖਾਇਆ ਸੀ। ਗੁਰੂ ਅਮਰਦਾਸ ਜੀ ਨੇ ਸਿਖੀ ਦੇ ਦੂਜੇ ਨੇਮ ਸੇਵਾ ਦੀ ਕਮਾਈ ਕਰਕੇ ਵਿਖਾਈ। ਆਪ ਅੰਮ੍ਰਿਤ ਵੇਲੇ ਉੱਠ ਕੇ ਹਰ ਰੋਜ਼ ਢਾਈ ਤਿੰਨ ਕੋਹ ਦੂਰ ਬਿਆਸ ਦਰਿਆ ਤੋਂ ਪਾਣੀ ਦੀ ਗਾਗਰ ਭਰਕੇ ਲਿਆਉਂਦੇ ਤੇ ਗੁਰੂ ਜੀ ਨੂੰ ਇਸ਼ਨਾਨ ਕਰਵਾਉਂਦੇ ਸਨ। ਫੇਰ ਲੰਗਰ ਵਿੱਚ ਪਾਣੀ ਪੁਚਾਉਂਦੇ ਸਨ ਤੇ ਖੂਹ ਤੇ ਖਲੋ ਕੇ ਪਾਣੀ ਭਰਦੇ ਅਤੇ ਗੁਰਸਿਖਾਂ ਨੂੰ ਇਸ਼ਨਾਨ ਕਰਾਉਂਦੇ ਸਨ। ਲੰਗਰ ਵਰਤਣ ਸਮੇਂ ਪੰਗਤਾਂ ਨੂੰ ਸੱਜਰਾ ਜਲ ਛਕਾਉਂਦੇ ਸਨ। ਆਪ ਭੋਜਨ ਸਭ ਤੋਂ ਮਗਰੋਂ ਕਰਦੇ ਸਨ। 61-62 ਸਾਲ ਦੀ ਬਿਰਧ ਅਵਸਥਾ ਹੁੰਦਿਆਂ ਵੀ ਸਾਰੀ ਸੇਵਾ ਆਪ ਅਣਥਕ ਗਭਰੂਆਂ ਵਾਂਗ ਕਰਦੇ ਸਨ। ਹਰ ਵੇਲੇ ਬਾਣੀ ਦਾ ਪਾਠ ਜਾਂ ਸਤਿਨਾਮ ਦਾ ਜਾਪ ਕਰਦੇ ਰਹਿੰਦੇ ਸਨ। ਸੇਵਾ ਕੇਵਲ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਲਈ ਕਰਦੇ ਸਨ੍ਹ ਹੋਰ ਕੋਈ ਲਾਲਸਾ ਨਹੀਂ ਸੀ।

ਇੱਕ ਦਿਨ ਸ੍ਰੀ ਅਮਰਦਾਸ ਜੀ ਆਪਣੇ ਨੇਮ-ਮੁਜਬ ਜਲ ਦੀ ਗਾਗਰ ਲੈ ਕੇ ਆ ਰਹੇ ਸਨ। ਰਸਤੇ ਵਿੱਚ ਜ਼ੋਰ ਦਾ ਮੀਂਹ ਹਨੇਰੀ ਸ਼ੁਰੂ ਹੋ ਗਿਆ। ਸਾਰੇ ਪਾਸੇ ਪਾਣੀ ਹੀ ਪਾਣੀ ਸੀ। ਤਿੰਨ ਕੋਹ ਵਾਟ ਅਤੇ ਰਸਤੇ ਵਿੱਚ ਚਿੱਕੜ ਤੇ ਤਿਲਕਣ ਮੋਢੇ ਤੇ ਪਾਣੀ ਦੀ ਗਾਗਰ। ਮਨ ਵਿੱਚ ਪ੍ਰੇਮ ਤੇ ਸੇਵਾ ਦੀ ਭਾਵਨਾ ਦੂਜੇ ਪਾਸੇ ਸਰੀਰਕ ਕਸ਼ਟ ਤੇ ਕੁਦਰਤੀ ਸ਼ਕਤੀਆਂ ਦਾ ਟਾਕਰਾ ਇਕ ਕਰੜੀ ਪ੍ਰੀਖਿਆ ਸੀ। ਪਰ ਸ੍ਰੀ ਅਮਰਦਾਸ ਜੀ "ਵਾਹਿਗੁਰੂ ਵਾਹਿਗੁਰੂ' ਦਾ ਜਾਪ ਕਰਦੇ ਤੁਰੇ ਜਾ ਰਹੇ ਸਨ। ਪਿੰਡ ਪੁੱਜੇ ਤਾਂ ਸਾਰੇ ਪਾਸੇ ਪਾਣੀ ਤੇ ਚਿਕੜ


www.AKJ.Org

ਸੀ। ਹਨੇਰੇ ਵਿੱਚ ਕੁਝ ਨਜ਼ਰ ਨਹੀਂ ਸੀ ਆ ਰਿਹਾ। ਰਸਤੇ ਉਪਰ ਹੀ ਜੁਲਾਹਿਆਂ ਦਾ ਘਰ ਸੀ। ਉਥੇ ਉਹਨਾਂ ਦਾ ਇੱਕ ਕਿੱਲਾ ਗੱਡਿਆ ਹੋਇਆਸੀ ਜਿਸ ਨਾਲ ਠੇਡਾ ਖਾ ਕੇ ਆਪ ਡਿੱਗ ਪਏ ਪਰ ਗਾਗਰ ਦਾ ਪਾਣੀ ਡੁਲ੍ਹਣ ਨਾ ਦਿੱਤਾ। ਖੜਕਾ ਸੁਣ ਕੇ ਜੁਲਾਹੇ ਨੇ ਜੁਲਾਹੀ ਨੂੰ ਕਿਹਾ, " ਪਤਾ ਨਹੀਂ ਕੌਣ ਖੱਡੀ ਵਿਚ ਡਿੱਗ ਪਿਆ ਹੈ ? " ਜੁਲਾਹੀ ਬੋਲੀ, "ਡਿੱਗਾ ਹੋਣਾ ਏ ਅਮਰੂ ਨਿਥਾਵਾਂ, ਜਿਸ ਨੂੰ ਨਾ ਦਿਨੇ ਚੈਨ ਨਾ ਰਾਤ। ਜਿਹੜਾ ਘਰੋਂ ਘਾਟੋਂ ਗਿਆ ਗੁਜਰਿਆ ਪੇਟ ਦੀ ਖਾਤਰ ਗੁਰੂ ਦਾ ਪਾਣੀ ਭਰਦਾ ਫਿਰਦਾ ਹੈ। ਹੋਰ ਕੌਣ ਹੋ ਸਕਦਾ ਹੈ ?

ਸ੍ਰੀ ਅਮਰਦਾਸ ਜੀ ਨੇ ਜੁਲਾਹੀ ਦੀ ਗੱਲ ਸੁਣ ਕੇ ਕਿਹਾ, " ਕਮਲੀਏ ਜਿਸ ਨੂੰ ਦੀਨ ਦੁਨੀਆਂ ਦੇ ਸਾਈਂ ਦਾ ਟਿਕਾਣਾ ਮਿਲ ਗਿਆ ਹੈ ਉਹ ਨਿਥਾਵਾਂ ਕਿਉਂ ?" ਆਪ ਜੀ ਨੇ ਗਾਗਰ ਦੇ ਪਾਣੀ ਨਾਲ ਗੁਰੂ ਜੀ ਨੂੰ ਇਸ਼ਨਾਨ ਕਰਵਾਇਆ। ਗੁਰੂ ਜੀ ਨੇ ਦਿਨ ਚੜ੍ਹੇ ਸ੍ਰੀ ਅਮਰਦਾਸ ਜੀ ਤੋਂ ਰਸਤੇ ਵਿਚੋਂ ਵਾਪਰੀ ਘਟਨਾ ਬਾਰੇ ਪੁੱਛਿਆ ਤਾਂ ਆਪ ਨੇ ਕਿਹਾ, "ਆਪ ਸਭ ਕੁਝ ਜਾਣੀ ਜਾਣ ਹੋ। ਮੈਂ ਕੀ ਬਿਆਨ ਕਰਾਂ? "ਏਨੇ ਨੂੰ ਜੁਲਾਹਾ ਵੀ ਉਥੇ ਪੁੱਜ ਗਿਆ ਉਸ ਨੇ ਸਾਰੀ ਗੱਲ ਸੁਣਾਈ ਤੇ ਕਿਹਾ, "ਗੁਰੂ ਜੀ ਮੇਰੀ ਜੁਲਾਹੀ ਉਦੋਂ ਦੀ ਹੀ ਕਮਲੀ ਹੋ ਗਈ ਹੈ। ਉਸ ਨੇ ਡਾਢੀ ਭੁੱਲ ਕੀਤੀ ਹੈ। ਮਹਾਰਾਜ ਉਸ ਨੂੰ ਬਖਸ਼ ਦਿਓ। ਗੁਰੂ ਜੀ ਬੋਲੇ, "ਭਾਈ ਤੇਰੀ ਤੀਵੀਂ ਨੇ ਸ੍ਰੀ ਅਮਰਦਾਸ ਜੀ ਦੀ ਬੜੀ ਬੇਅਦਬੀ ਕੀਤੀ ਹੈ। ਇਹ ਥਾਂ ਨਿਥਾਵਿਆਂ ਦੀ ਥਾਂ ਹੈ। ਜਾਹ ਤੇਰੀ ਜੁਲਾਹੀ ਨੂੰ ਬਖ਼ਸ਼ਿਆ।"

ਫੇਰ ਗੁਰੂ ਜੀ ਨੇ ਸ੍ਰੀ ਅਮਰਦਾਸ ਜੀ ਵਲ ਤੱਕਿਆ ਅਤੇ ਮਿਹਰਾਂ ਦਾ ਮੀਂਹ ਵਰਸਾਉਂਦਿਆਂ ਕਿਹਾ " ਪੁਰਖਾ, ਤੁਸੀਂ ਨਿਮਾਣਿਆਂ ਦੇ ਮਾਣ ਹੋ, ਨਿਥਾਵਿਆਂ ਦੇ ਥਾਂ ਹੋ, ਨਿਓਟਿਆਂ ਦੀ ਓਟ ਹੋ, ਨਿਆਸਿਰਆਂ ਦੇ ਆਸਰੇ ਹੋ, ਨਿਧਿਰਿਆਂ ਦੀ ਧਿਰ ਹੋ, ਗਈ ਬਹੋੜ, ਬੰਦੀ ਛੋੜ ਹੋ। ਪੁਰਖਾ ਤੁਸੀਂ ਧੰਨ ਹੋ "

ਇਹ ਬਖਸ਼ਿਸ਼ ਸ੍ਰੀ ਅਮਰਦਾਸ ਜੀ ਨੂੰ 1605 ਵਿੱਚ ਹੋਈ। ਕੁਝ ਸਮੇਂ ਬਾਅਦ ਗੁਰੂ ਅੰਗਦ ਦੇਵ ਜੀ ਨੇ ਆਗਿਆ ਦਿੱਤੀ। ਬਿਆਸ ਦੇ ਪੱਤਣ ਦੇ ਪਾਸ ਨਵਾਂ-ਨਗਰ ਵਸਾਇਆ ਜਾਵੇ। ਜਿਥੇ ਬਿਆਸੋਂ ਆਰ-ਪਾਰ ਆਉਣ ਜਾਣ ਵਾਲੇ ਮੁਸਾਫ਼ਰਾਂ ਨੂੰ ਆਰਾਮ ਦਾ ਟਿਕਾਣਾ ਮਿਲ ਜਾਇਆ ਕਰੇ। ਗੋਂਦਾ ਨਾਮੀ ਮਰਵਾਹੇ ਖਤਰੀ ਦੀ ਬਿਆਸ ਲਾਗੇ ਬਹੁਤ ਭੋਂ ਸੀ। ਉਹ ਬਿਆਸ ਦੇ ਕੰਢੇ ਇਕ ਬਸਤੀ ਵਸਾਉਣੀ ਚਾਹੁੰਦਾ ਸੀ। ਕਈ ਵਾਰੀ ਵਸਾਈ ਵੀ ਪਰ ਉਹ ਉਜੜ ਜਾਂਦੀ ਸੀ । ਗੋਂਦੇ ਨੇ ਗੁਰੂ ਜੀ ਦੀ ਬੇਨਤੀ ਮੰਨ ਕੇ ਨਗਰ ਵਸਾਉਣ ਦੀ ਤਜ਼ਵੀਜ਼ ਮੰਨ ਲਈ। ਇਸ ਨਗਰੀ ਦਾ ਨਾਂ ਗੋਂਦੇ ਦੇ ਨਾਂ ਤੇ ਗੋਂਦਵਾਲ ਜਾਂ ਗੋਇੰਦਵਾਲ ਰੱਖਿਆ ? ਸ੍ਰੀ ਅਮਰਦਾਸ ਜੀ ਦੀ ਰਿਹਾਇਸ਼ ਲਈ ਗੋਂਦੇ ਨੇ ਇੱਕ ਮਕਾਨ ਵੀ ਬਣਵਾ ਦਿੱਤਾ। ਗੁਰੂ ਜੀ ਦੇ ਹੁਕਮ ਨਾਲ ਅਮਰਦਾਸ ਜੀ ਨੇ ਆਪਣਾ ਸਾਰਾ ਪ੍ਰੀਵਾਰ ਕਬੀਲਾ ਬਾਸਰਕੇ ਤੋਂ ਲਿਆ ਕੇ ਗੋਂਦਵਾਲ ਵਸਾ ਲਿਆ।

ਸ੍ਰੀ ਅਮਰਦਾਸ ਜੀ ਹੁਣ ਵੀ ਸਵੇਰ ਵੇਲੇ ਪਾਣੀ ਦੀ ਗਾਗਰ ਗੁਰੂ ਜੀ ਦੇ ਇਸ਼ਨਾਨ ਲਈ ਲੈ ਕੇ ਖਡੂਰ ਸਾਹਿਬ ਜਾਂਦੇ ਸੀ। ਪਰ ਹੁਣ ਗੁਰੂ ਜੀ ਨੇ ਕਿਹਾ ਕਿ "ਹੁਣ ਤੁਸੀਂ ਏਨੀ ਖੇਚਲ ਨਾ ਕਰਿਆ ਕਰੋ। ਤੁਸੀਂ ਗੋਂਦਵਾਲ ਹੀ ਟਿਕੋ । ਮੈਂ ਹੀ ਉਥੇ ਆ ਜਾਇਆ ਕਰਾਂਗਾ। ਸੋ ਇਉਂ ਹੀ ਹੁੰਦਾ ਰਿਹਾ।

ਗੁਰੂ ਅੰਗਦ ਦੇਵ ਜੀ ਨੇ ਮੁੱਢ ਤੋਂ ਹੀ ਵੇਖ ਲਿਆ ਸੀ ਕਿ ਸਾਡੇ ਮਗਰੋਂ ਗੁਰਗੱਦੀ ਦੇ ਵਾਰਸ ਸ੍ਰੀ ਅਮਰਦਾਸ ਜੀ ਹੋਣਗੇ। ਉਹ ਘਾਲ ਪ੍ਰੀਖਿਆ ਵਿੱਚ ਵੀ ਪੂਰੇ ਉਤਰੇ ਸਨ ਤੇ ਸਾਰੇ ਸਿਖ ਉਨ੍ਹਾਂ ਨੂੰ ਸਤਿਕਾਰਦੇ ਸਨ। ਪਰ ਗੁਰੂ ਜੀ ਦੇ ਦੋਵੇਂ ਸਾਹਿਬਜ਼ਾਦੇ ਦਾਸੂ ਜੀ ਤੇ ਦਾਤੂ ਜੀ ਆਪਣੇ ਆਪ ਨੂੰ ਗੁਰੂ ਗੱਦੀ ਦੇ ਹੱਕਦਾਰ ਸਮਝਦੇ ਸਨ। ਗੁਰੂ ਜੀ ਨੇ ਉਨ੍ਹਾਂ ਨੂੰ ਸਮਝਾਇਆ "ਗੁਰ-ਗੱਦੀ ਵਿਰਾਸਤ ਨਹੀਂ ਇਹ ਤਾਂ ਕਰਤਾਰ ਦੀ ਬਖ਼ਸ਼ਿਸ਼ ਹੈ, ਜਿਸ ਨੂੰ ਇਸ ਦੇ ਸਮਰੱਥ ਕਰਦਾ ਹੈ ਉਸ ਨੂੰ ਹੀ ਦੇਂਦਾ ਹੈ। ਇਹ ਗੱਦੀ ਮਾਮਲੇ ਲੈਣ ਦੀ ਨਹੀਂ ਇਹ ਤਾਂ ਜੀਅ ਦਾਨ ਦੇਣ ਦੀ ਹੈ। ਇਹ ਦੁਨੀਆਂਦਾਰੀ ਦਾ ਮੁਰਾਤਬਾ ਨਹੀਂ ਇਹ ਤਾਂ ਜ਼ਿੰਮੇਵਾਰੀਆਂ ਦੀ ਭਾਰੀ ਪੰਡ ਹੈ। ਇਸ ਵਲ ਨਾ ਝਾਕੋ।"

ਜਦੋਂ ਗੁਰੂ ਅੰਗਦ ਦੇਵ ਜੀ ਨੂੰ ਸੱਚਖੰਡ ਵਾਪਸੀ ਦਾ ਸਮਾਂ ਆ ਗਿਆ ਤੇ 3 ਵਿਸਾਖ ਸੰਮਤ 1609


www.AKJ.Org

ਨੂੰ ਸਾਰੀ ਸੰਗਤ ਦੇ ਸਾਹਮਣੇ ਪੰਜ ਪੈਸੇ ਤੇ ਇੱਕ ਨਰੇਲ ਰੱਖ ਕੇ ਮੱਥਾ ਟੇਕ ਦਿਤਾ ਤੇ ਫੇਰ ਪ੍ਰੇਮ ਨਾਲ ਬਾਹੋਂ ਫੜਕੇ ਸ੍ਰੀ ਅਮਰਦਾਸ ਜੀ ਨੂੰ ਸਿੰਘਾਸਨ ਉਤੇ ਬਿਠਾਇਆ ਅਤੇ ਬਾਬਾ ਬੁਢਾ ਜੀ ਨੇ ਆਪ ਜੀ ਨੂੰ ਗੁਰਿਆਈ ਦਾ ਤਿਲਕ ਲਗਾਇਆ।

ਗੁਰੂ ਅੰਗਦ ਦੇਵ ਜੀ ਤਾਂ ਸੱਚਖੰਡ ਪਿਆਨੇ ਕਰ ਗਏ ਪਰ ਉਹਨਾਂ ਦੇ ਸਪੁੱਤਰ ਦਾਤੂ ਜੀ ਤੇ ਦਾਸੂ ਜੀ ਨੇ ਗੁਰ ਅਮਰਦਾਸ ਜੀ ਨੂੰ ਗੁਰੂ ਮੰਨਣ ਤੋਂ ਇਨਕਾਰ ਕੀਤਾ। ਦਾਤੂ ਜੀ ਨੇ ਤਾਂ ਕ੍ਰੋਧ ਵਿੱਚ ਆ ਕੇ ਗੁਰੂ ਜੀ ਨੂੰ ਸਿਖ ਸੰਗਤਾਂ ਵਿੱਚ ਬੈਠਿਆਂ ਨੂੰ ਲੱਤ ਕੱਢ ਮਾਰੀ ਤੇ ਕਿਹਾ ਕਿ " ਗੁਰਗੱਦੀ ਦਾ ਮਾਲਕ ਤਾਂ ਮੈਂ ਹਾਂ। ਤੁਸੀਂ ਇਥੋਂ ਚਲੇ ਜਾਓ ਤਾਂ ਠੀਕ ਹੈ।" ਗੁਰੂ ਜੀ ਸਭ ਕੁਝ ਛੱਡ ਕੇ ਬਾਸਰਕੇ ਚਲੇ ਗਏ ਪਰ ਬਾਬਾ ਬੁਢਾ ਜੀ ਦੀ ਸਹਾਇਤਾ ਨਾਲ ਸਿਖ ਸੰਗਤਾਂ ਨੇ ਬੇਨਤੀ ਕਰਕੇ ਉਹਨਾਂ ਨੂੰ ਵਾਪਸ ਲੈ ਆਂਦਾ। ਗੁਰੂ ਜੀ ਦੇ ਸਮੇਂ ਬਹੁਤ ਸਾਰੀਆਂ ਧਾਰਮਿਕ ਤੇ ਸਮਾਜਿਕ ਕੁਰੀਤੀਆਂ ਪਰਚਲਤ ਸਨ ਜਿੰਨ੍ਹਾਂ ਦਾ ਆਪ ਜੀ ਨੇ ਵਿਰੋਧ ਕੀਤਾ ਤੇ ਸਿਖ ਧਰਮ ਵਿਚੋਂ ਇਹਨਾਂ ਨੂੰ ਕੱਢਣ ਦਾ ਯਤਨ ਕੀਤਾ :-

1. ਜਾਤ ਪਾਤ ਦਾ ਖੰਡਨ ਕਰਦਿਆਂ ਹੋਇਆਂ ਆਪ ਜੀ ਨੇ ਬਾਣੀ ਵੀ ਰਚੀ ਤੇ ਇਹ ਸ਼ਬਦ ਉਚਾਰਿਆ :

"ਜਾਤਿ ਕਾ ਗਰਬੁ ਨ ਕਰੀਅਹੁ ਕੋਈ॥ ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ॥
ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ॥ ਇਸੁ ਗਰਬੁ ਤੇ ਚਲਹਿ ਬਹੁਤੁ ਵਿਕਾਰਾ॥੧॥(ਰਹਾਉ)
ਚਾਰੇ ਵਰਨ ਆਖੈ ਸਭੁ ਕੋਈ॥ ਬ੍ਰਹਮੁ ਬਿੰਦੁ ਤੇ ਸਭ ਓਪਤਿ ਹੋਈ॥
ਮਾਟੀ ਏਕ ਸਗਲ ਸੰਸਾਰਾ॥ ਬਹੁ ਬਿਧਿ ਭਾਂਡੇ ਘੜੈ ਕੁਮਾਰਾ॥
ਪੰਚ ਤਤੁ ਮਿਲਿ ਦੇਹੀ ਕਾ ਆਕਾਰਾ॥ ਘਟਿ ਵਧਿ ਕੋ ਕਰੈ ਬੀਚਾਰਾ॥
ਕਹਤੁ ਨਾਨਕ ਇਹੁ ਜੀਉ ਕਰਮ ਬੰਧੁ ਹੋਈ॥ ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ॥(੧੧੨੭)

੨. ਛੂਤ-ਛਾਤ : ਗੁਰੂ ਜੀ ਨੇ ਛੂਤ-ਛਾਤ ਨੂੰ ਖਤਮ ਕਰਨ ਲਈ ਇਕੋ ਪੰਗਤ ਵਿੱਚ ਸਭ ਜਾਤਾਂ ਧਰਮਾਂ ਤੇ ਬ਼ਰਾਦਰੀਆਂ ਨੂੰ ਬੈਠਕੇ ਲੰਗਰ ਛਕਣ ਦਾ ਹੁਕਮ ਕੀਤਾ। ਇਹ ਢੰਗ ਚੋਖਾ ਸਫ਼ਲ ਹੋਇਆ ਪਰ ਫੇਰ ਵੀ ਕੁਝ ਲੋਕ ਗੁਰੂ ਜੀ ਦੇ ਦਰਸ਼ਨ ਕਰ ਮਨ ਨੂੰ ਠੰਡ ਤਾਂ ਪਾ ਲੈਂਦੇ ਪਰ ਹੰਕਾਰ ਵਿਚ ਫਸੇ ਹੋਏ ਲੰਗਰ ਵਿੱਚ ਨਾ ਬੈਠਦੇ। ਗੁਰੂ ਜੀ ਨੇ ਫੇਰ ਹੁਕਮ ਕੀਤਾ ਕਿ ਜਿਹੜਾ ਵਿਅਕਤੀ ਪਹਿਲਾਂ ਲੰਗਰ ਵਿਚ ਬੈਠਕੇ ਪ੍ਰਸ਼ਾਦਾ ਛਕੇਗਾ ਮੈਂ ਉਸੇ ਨੂੰ ਹੀ ਦਰਸ਼ਨ ਦੇਵਾਂਗਾ। ਇਹ ਨੇਮ ਹਰ ਇੱਕ ਨਿੱਕੇ ਵੱਡੇ ਤੇ ਲਾਗੂ ਕੀਤਾ ਗਿਆ। ਇਥੋਂ ਤੱਕ ਕਿ ਦਿੱਲੀ ਦੇ ਬਾਦਸ਼ਾਹ ਅਕਬਰ ਨੂੰ ਵੀ ਗੁਰੂ ਜੀ ਦੇ ਦਰਸ਼ਨ ਕਰਨ ਤੋਂ ਪਹਿਲਾਂ ਲੰਗਰ ਛਕਣਾ ਪਿਆ। ਇਸੇ ਤਰ੍ਹਾਂ ਹਰੀਪੁਰ ਦੇ ਰਾਜੇ ਰਾਣੀਆਂ ਨੇ ਆਮ ਲੋਕਾਂ ਵਿਚ ਬੈਠ ਕੇ ਲੰਗਰ ਛਕਿਆ ਤੇ ਫੇਰ ਗੁਰੂ ਜੀ ਦੇ ਦਰਸ਼ਨ ਕੀਤੇ।

3.ਜ਼ਾਤ-ਪਾਤ ਤੋੜ ਕੇ ਵਿਆਹ :- ਉਸ ਸਮੇਂ ਖਾਸ ਖਾਸ ਜਾਤੀਆਂ ਖਾਸ ਖਾਸ ਜਾਤ ਤੇ ਖਾਸ ੨ ਇਲਾਕੇ ਦੀ ਹੱਦ ਬੰਦੀ ਵਿਚ ਹੀ ਵਿਆਹ ਨਾਤੇ ਕਰਦੀਆਂ ਸਨ। ਸਾਕ ਕਰਨ ਤੋਂ ਪਹਿਲਾਂ ਨਾਨਕਿਆਂ ਦਾਦਕਿਆਂ ਦੇ ਗੋਤ ਪੁਛੇ ਜਾਂਦੇ ਸਨ। ਗੁਰੂ ਜੀ ਨੇ ਆਪਣੇ ਸਿੱਖਾਂ ਦੇ ਵਿਆਹ ਜਾਤ ਪਾਤ ਤੇ ਗੋਤ ਬਰਾਦਰੀ ਦੇ ਸਭ ਖਿਆਲ ਤਿਆਗ ਕੇ ਕਰਵਾਏ।

4. ਸਤੀ ਦੀ ਰਸਮ :- ਦੇਸ਼ ਵਿੱਚ ਸਦੀਆਂ ਤੋਂ ਆ ਰਹੀ ਸਤੀ ਦੀ ਰਸਮ ਨੂੰ ਤੋੜਨ ਵਲ ਵੀ ਖਾਸ ਧਿਆਨ ਦਿੱਤਾ। ਗੁਰੂ ਜੀ ਨੇ ਇਸ ਰਸਮ ਨੂੰ ਨਿੰਦਿਆਂ ਆਪ ਜੀ ਨੇ ਫੁਰਮਾਇਆ

"ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ।
ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ।
ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖ ਰਹੰਨਿ।
ਸੇਵਨਿ ਸਾਈ ਆਪਣਾ ਨਿਤ ਉਠਿ ਸੰਮਾਲੰਨਿ।(ਪੰਨਾ ੭੮੭)

5. ਗੁਰੂ ਜੀ ਨੇ ਇਸਤ੍ਰੀ ਜਾਤੀ ਨੂੰ ਸਮਾਜ ਦੇ ਪਾਏ ਬੰਧਨਾਂ ਤੋਂ ਛੁਟਕਾਰਾ ਦਿਵਾ ਕੇ ਉਚਿਆਂ ਉਠਣ ਵਿੱਚ


www.AKJ.Org

ਬਹੁਤ ਮਦਦ ਕੀਤੀ। ਇਸਤ੍ਰੀ ਦੇ ਪਰਦੇ ਅੰਦਰ ਰਹਿਣ, ਘੁੰਡ ਕੱਢਣ ਦੇ ਰਿਵਾਜ ਨੂੰ ਦੂਰ ਕੀਤਾ। ਬੀਬੀਆਂ ਨੂੰ ਖੁਲ੍ਹੇ ਮੂੰਹ ਸੰਗਤ ਵਿੱਚ ਆਉਣ, ਲੰਗਰ ਦੀ ਸੇਵਾ ਕਰਨ ਦੀ ਤੇ ਪੰਗਤ ਵਿੱਚ ਬੈਠਕੇ ਪ੍ਰਛਾਦਾ ਛਕਣ ਦੀ ਖੁਲ੍ਹ ਦਿੱਤੀ।

6. ਸਮਾਜ ਵਿਚੋਂ ਮਨੁਖ ਦੀ ਮੌਤ ਮਗਰੋਂ ਕਈ ਭੈੜੀਆਂ ਰਸਮਾਂ ਕੀਤੀਆਂ ਜਾਂਦੀਆਂ ਸਨ। ਆਪ ਨੇ ਇਹਨਾਂ ਦਾ ਤਿਆਗ ਕਰਵਾ ਕੇ ਮਿਰਤਕ ਸੰਸਕਾਰ ਨੂੰ ਗੁਰ-ਮਰਿਆਦਾ ਅਨੁਸਾਰ ਕਰਨ ਦੀ ਰਸਮ ਕਾਇਮ ਕੀਤੀ।

ਗੁਰੂ ਜੀ ਨੇ ਗੋਂਦਵਾਲ ਵਿਖੇ ਇੱਕ ਬਾਉਲੀ ਸੰਮਤ 1616 ਵਿੱਚ ਬਣਾਉਣੀ ਆਰੰਭ ਕਰਵਾਈ ਕਿਉਂਕਿ ਇਹ ਨਗਰ ਬਿਆਸ ਦੇ ਪੱਤਣ ਤੇ ਵੱਸਿਆ ਸੀ ਤੇ ਹਰ ਵੇਲੇ ਇਥੇ ਲੋਕਾਂ ਦੀ ਆਵਾਜਾਈ ਰਹਿੰਦੀ ਸੀ। ਗੁਰੂ ਜੀ ਦਾ ਲੰਗਰ ਹਰ ਵੇਲੇ ਤਿਆਰ ਰਹਿੰਦਾ ਸੀ। ਪੀਣ ਵਾਲੇ ਪਾਣੀ ਦੀ ਇਥੇ ਥੁੜ ਸੀ ਸੋ ਇਥੇ ਬਾਉਲੀ ਲਵਾਉਣ ਦਾ ਪ੍ਰਬੰਧ ਕਰਨਾ ਬਹੁਤ ਜ਼ਰੂਰੀ ਸੀ ਜਿਥੋਂ ਮਨੁੱਖਾਂ ਤੇ ਪਸ਼ੂਆਂ ਨੂੰ ਪੀਣ ਦਾ ਪਾਣੀ ਵੀ ਮਿਲੇ ਤੇ ਇਸ਼ਨਾਨ ਵੀ ਖੁਲ੍ਹੇ ਹੋਣ। ਬਾਬਾ ਬੁਢਾ ਜੀ ਨੇ ਇਸ ਦਾ ਪਹਿਲਾ ਟੱਕ ਲਾਇਆ ਤੇ ਇਹ 1621 ਵਿੱਚ ਸੰਪੂਰਨ ਹੋਈ ਇਸ ਦੀਆਂ 84 ਪੌੜੀਆਂ ਹਨ।

ਗੁਰੂ ਜੀ ਨੇ ਸਿੱਖੀ ਦਾ ਪ੍ਰਚਾਰ ਕਰਨ ਲਈ ਸਭ ਧਰਮਾਂ ਦੇ ਸਿੱਖਾਂ ਨੂੰ ੨੨ ਹਿੱਸਿਆਂ ਵਿੱਚ ਵੰਡ ਕੇ ੨੨ ਮੰਜੀਆਂ ਦਾ ਨਾਂ ਦਿੱਤਾ ਅਤੇ ਬੀਬੀਆਂ ਨੂੰ ਵੀ ਪ੍ਰਚਾਰਕ ਬਣਾ ਕੇ 4੨ ਪੀਹੜੇ ਬਖਸ਼ੇ। ਇਸ ਜਤਨ ਨਾਲ ਸਿੱਖ ਧਰਮ ਦਾ ਬਹੁਤ ਵਾਧਾ ਹੋਇਆ। ਹਿੰਦੂ ਤੇ ਮੁਸਲਮਾਨ ਸਭ ਸਿੱਖ ਧਰਮ ਵਿੱਚ ਪ੍ਰਵੇਸ਼ ਹੋ ਗਏ। ਗੁਰ ਸਿਖੀ ਦਾ ਮਹਾਨ ਕੇਂਦਰ ਸਥਾਪਤ ਕਰਨ ਲਈ ਆਪ ਜੀ ਨੇ ਰਾਮਦਾਸ ਜੀ ਨੂੰ ਅੰਮ੍ਰਿਤਸਰ ਵਸਾਉਣ ਦਾ ਹੁਕਮ ਦਿੱਤਾ। ਇਸ ਵਸਤੀ ਦਾ ਮੌੜ੍ਹਾ ਸੰਮਤ 1631 ਨੂੰ ਗੱਡਿਆ ਅਤੇ ਇਸ ਦਾ ਨਾਂ ਗੁਰੂ ਦਾ ਚੱਕ ਰੱਖਿਆ।

ਜੋਤੀ ਜੋਤ ਸਮਾਉਣਾ :- ਗੁਰੂ ਜੀ ਦੇ ਦੋਵੇਂ ਪੁਤਰ ਬਾਬਾ ਮੋਹਨ ਜੀ ਤੇ ਬਾਬਾ ਮੋਹਰੀ ਜੀ ਗੁਰਗੱਦੀ ਦੇ ਕਾਬਲ ਨਹੀਂ ਸਨ। ਸ੍ਰੀ ਰਾਮਦਾਸ ਜੀ ਨਾਲ ਬੀਬੀ ਭਾਨੀ ਜੀ ਦੀ ਸ਼ਾਦੀ ਹੋ ਚੁੱਕੀ ਸੀ । ਸ੍ਰੀ ਰਾਮ ਦਾਸ ਜੀ ਹਰ ਪ੍ਰੀਖਿਆ ਵਿੱਚ ਪੂਰੇ ਉੱਤਰੇ ਸਨ। ਸੋ ਜਦੋਂ ਸਚਖੰਡ ਵਾਪਸੀ ਦਾ ਸਮਾਂ ਆਇਆ ਤਾਂ ਆਪ ਜੀ ਨੇ 1 ਅਸੂ ਸੰਮਤ 1631 ਨੂੰ ਸ੍ਰੀ ਰਾਮਦਾਸ ਜੀ ਅੱਗੇ ਪੰਜ ਪੈਸੇ ਤੇ ਨਰੇਲ ਰੱਖ ਕੇ ਮੱਥਾ ਟੇਕਿਆ ਤੇ ਸਿੰਘਾਸਨ ਤੇ ਬਿਠਾਇਆ। ਬਾਬਾ ਬੁੱਢਾ ਜੀ ਨੇ ਗੁਰਿਆਈ ਦਾ ਤਿਲਕ ਲਾਇਆ ਗੁਰੂ ਅਮਰਦਾਸ ਜੀ ਉਸੇ ਦਿਨ ਜੋਤੀ ਜੋਤ ਸਮਾ ਗਏ।

---

*ਪੁਰਾਤਨ ਸਮੇਂ ਵਿਚ ਸਾਡੇ ਬਜ਼ੁਰਗਾਂ ਨੇ ਜੋ ਸੁਨਹਿਰੀ ਕਾਰਨਾਮੇ ਕਰ ਕੇ ਸੰਸਾਰ ਵਿਚ ਆਪਣਾ ਨਾਮ ਪੈਦਾ ਕੀਤਾ, ਉਹ ਸਾਰੇ ਸ਼ਰਧਾ-ਪ੍ਰੇਮ ਨਾਲ ਗੁਰਬਾਣੀ ਦੇ ਪਠਨ-ਪਾਠਨ ਦੀ ਤੁਫ਼ੈਲ ਹੀ ਸਨ। ਅਜ ਜੇਕਰ ਪਹਿਲੇ ਵਾਂਗ ਗੁਰਬਾਣੀ ਦੀ ਪਾਰਸ-ਕਲਾ ਨਹੀਂ ਵਰਤ ਰਹੀ ਤਾਂ ਇਸ ਦਾ ਕਾਰਨ ਸਾਡੇ ਆਪਣੇ ਵਿਚ ਸ਼ਰਧਾ ਤੇ ਪ੍ਰੇਮ ਦੀ ਘਾਟ ਹੈ। ਅੱਜ ਵੀ ਜਿਥੇ ਜਿਥੇ ਸ਼ਰਧਾ-ਪ੍ਰੇਮ ਨਾਲ ਨਿਸ਼ਕਾਮ ਭਾਵਨਾ ਅਧੀਨ ਨਾਮ-ਬਾਣੀ ਦਾ ਪਾਠ ਅਥਵਾ ਕੀਰਤਨ ਕੀਤਾ ਜਾਂਦਾ ਹੈ ਉਥੇ ਗੁਰੂ ਬਾਬੇ ਦੀ ਕਰਾਮਾਤ ਵਰਤਦੀ ਹੈ। ਗੁਰਬਾਣੀ ਦੇ ਅਣੀਆਲੇ ਤੀਰਾਂ ਦੇ ਵਿੰਨ੍ਹੇ ਹੋਏ ਜਗਿਆਸੂ ਹੋਛੇ ਚਸਕਿਆਂ ਨੂੰ, ਜਿਨ੍ਹਾਂ ਨੇ ਸਾਰੀ ਲੁਕਾਈ ਨੂੰ ਆਪਣਾ ਪਾਨੀਹਾਰ ਬਣਾਇਆ ਹੋਇਆ ਹੈ, ਲੱਤ ਮਾਰ ਕੇ ਨਾਮ ਬਾਣੀ ਦੇ ਅਮਿਓ-ਰਸ ਵਿਚ ਅਜਿਹੇ ਨਿਮਗਨ ਹੋ ਜਾਂਦੇ ਹਨ ਕਿ ਉਹਨਾ ਦੀ ਗਲਤਾਨ-ਹਾਲ ਅਤੇ ਵਿਗਾਸ-ਮਈ ਦਸ਼ਾ ਨੂੰ ਪੇਖ ਪੇਖ ਹੋਰ ਜਗਿਆਸੂਆਂ ਵਿਚ ਗੁਰਮਤਿ ਕਮਾਉਣ ਦਾ ਉਮਾਹ ਉਛਾਲੇ ਮਾਰ ਉਠਦਾ ਹੈ। ਏਸ ਤਰ੍ਹਾਂ ਨਾਮ ਬਾਣੀ ਦੇ ਪ੍ਰਚਾਰ ਦਾ ਨਿਸ਼ਕਾਮ ਤੋਰਾ ਤੁਰਦਾ ਜਾ ਰਿਹਾ ਹੈ। ਸਤਿਗੁਰੂ ਜੀ ਮੇਹਰ ਕਰਨ, ਗੁਰੂ-ਆਸ਼ਕਾਂ ਦਾ ਇਹ ਪ੍ਰੇਮ-ਅਖਾੜਾ ਏਸੇ ਤਰ੍ਹਾਂ ਚੜ੍ਹਦੀਆਂ ਕਲਾਂ ਵਿਚ ਬਾਣੀ ਦਾ ਅਮਿਓ-ਰਸ ਆਪ ਭੁੰਚਦਾ ਅਤੇ ਹੋਰਨਾਂ ਨੂੰ ਭੁੰਚਾਉਂਦਾ ਹੋਇਆ "ਲੜਿ ਲੁੜਿ ਦਰਗਹਿ ਵੰਞੂ" ਮਈ ਗੁਰੂ ਅਸੀਸ ਦਾ ਪਾਤਰ ਬਣਿਆ ਰਹੇ।*

(ਭਾ: ਸਾ: ਭਾ: ਰਣਧੀਰ ਸਿੰਘ ਜੀ)


www.AKJ.Org

# ਗੁਰੂ ਨਾਨਕ ਮਾਰਗ ਦੀ ਖਾਸ ਵਿਸ਼ੇਸ਼ਤਾ
## ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਬਾਣੀ ਸੰਬੰਧੀ ਵੀਚਾਰ

(ਮਨਮੋਹਨ ਸਿੰਘ ਕੈਲੀਫੋਰਨੀਆਂ, ਯੂ. ਐਸ. ਏ)

(ਲੜੀ ਜੋੜਨ ਲਈ ਅਪ੍ਰੈਲ ਅੰਕ ਦੇਖੋ)

ਸ੍ਰੀ ਗੁਰੂ ਗ੍ਰੰਥ ਸਾਹਿਬ ਵਖੋ ਵਖ ਭਗਤਾਂ ਤੇ ਮਤਾਂ ਮਤਾਂਤ੍ਰਾਂ ਦੇ ਪੁਜਾਰੀਆਂ ਦੀ ਬਾਣੀ ਦਾ ਸੰਗ੍ਰਹ ਨਹੀਂ। ਸ੍ਰੀ ਗੁਰੂ ਨਾਨਕ ਸਾਹਿਬ ਨੇ ਵੱਖੋ ਵੱਖ ਧਰਮ ਕੇਂਦ੍ਰਾਂ ਦੀ ਯਾਤ੍ਰਾ ਇਸ ਕਰਕੇ ਨਹੀਂ ਸੀ ਕੀਤੀ ਕਿ ਉਨ੍ਹਾਂ ਵਿਚੋਂ ਚੋਣਵੀਆਂ ਵਿਅਕਤੀਆਂ ਦੀ ਉਚਾਰੀ ਬਾਣੀ ਇਕਤ੍ਰ ਕਰਨ :

ਤੀਰਥ ਉਦਮੁ ਸਤਿਗੁਰੂ ਕੀਆ ਸਭ ਲੋਕ ਉਧਰਣ ਅਰਥਾ॥ (ਪੰਨਾ ੧੧੧੬)
ਚੜਿਆ ਸੋਧਣਿ ਧਰਤਿ ਲੁਕਾਈ॥ (ਭਾ: ਗੁ: ੧/੨੪)

ਉਹ ਤਾਂ ਭੁੱਲੀ ਭਟਕੀ ਜਨਤਾ ਨੂੰ ਸੱਚ ਦਾ ਉਪਦੇਸ਼ ਦੇਣ ਲਈ ਤੇ ਗੁਰਮਤਿ ਗਾਡੀ ਰਾਹ ਦੀ ਸੋਝੀ ਦੇਣ ਲਈ ਗਏ ਸਨ। ਉਹ ਸਤਿਨਾਮ ਦੇ ਮੁਜੱਸਮਾ ਸਨ, ਸੋਮੇ ਸਨ ਤੇ ਇਸੇ ਦੇ ਰਾਹੀਂ ਨਉਖੰਡ ਪ੍ਰਿਥਮੀ, ਸਾਰੀ ਕਾਇਨਾਤ ਦਾ ਉਧਾਰ ਕਰਨ ਲਈ ਪਰਗਟ ਹੋਏ ਸਨ :

ਬਾਬੇ ਤਾਰੇ ਚਾਰਿ ਚਕਿ, ਨਉਖੰਡ ਪ੍ਰਿਥਮੀ ਸਚਾ ਢੋਆ॥ (ਭਾ: ਗੁ: ੧/੨੭)
ਜੀਤੀ ਨਉਖੰਡ ਮੇਦਨੀ, ਸਤਿਨਾਮੁ ਦਾ ਚਕ੍ਰ ਫਿਰਾਇਆ॥ (ਭਾ: ਗੁ: ੧/੩੭)

ਉਹ ਵੱਖੋ ਵੱਖ ਧਰਮਾਂ ਦੇ ਮੁਖੀ ਤੇ ਕੇਂਦਰੀ ਅਸਥਾਨਾਂ ਤੇ ਪੁੱਜੇ ਤੇ ਸਤਿਨਾਮ ਦੀ ਸ਼ਕਤੀ ਨਾਲ ਸਭ ਵੱਡੇ ਵੱਡੇ ਧਾਰਮਿਕ ਆਗੂਆਂ ਨੂੰ ਨਿਰੁਤਰ ਕੀਤਾ ਤੇ ਸਤਿਨਾਮ ਦਾ ਉਪਦੇਸ਼ ਦਿਤਾ। ਏਸੇ ਸਚਾਈ ਨੂੰ ਭਾਈ ਗੁਰਦਾਸ ਜੀ ਨੇ ਇਸ ਤਰਾਂ ਪ੍ਰਗਟ ਕੀਤਾ ਹੈ :

ਗੰਗ ਬਨਾਰਸ ਹਿੰਦੂਆਂ, ਮੁਸਲਮਾਣਾ ਮਕਾ ਕਾਬਾ॥
ਘਰਿ ਘਰਿ ਬਾਬਾ ਗਾਵੀਐ, ਵਜਨਿ ਤਾਲ ਮ੍ਰਿਦੰਗੁ ਰਬਾਬਾ॥

..........................................

ਜਾਹਰ ਪੀਰੁ ਜਗਤੁ ਗੁਰੁ ਬਾਬਾ॥ (ਭਾ: ਗੁ: ੨੪/੪)

ਬੇਦਿਕ ਧਰਮਾਂ ਦੇ ਕੇਂਦਰ ਗੰਗ-ਬਨਾਰਸ ਆਦਿ ਤੇ ਕਤੇਬੀ ਧਰਮਾਂ ਵਿਚੋਂ ਮੁਸਲਮਾਨੀ ਮੱਤ ਦੇ ਕੇਂਦਰ ਮੱਕਾ ਤੇ ਮਦੀਨਾ ਵਿਚ ਹੀ ਘਰ ਘਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਹਿਮਾ ਗਾਇਣ ਹੋਣੀ ਅਰੰਭ ਹੋ ਗਈ ਤੇ ਮ੍ਰਿਦੰਗ ਰਬਾਬ ਆਦਿ ਨਾਲ ਗੁਰੂ ਨਾਨਕ ਰਚੀ ਬਾਣੀ ਦੇ ਕੀਰਤਨ ਹੋਣ ਲਗੇ। ਇਹ ਸਭ ਇਸ ਕਰਕੇ ਹੋਇਆ ਕਿ ਗੁਰੂ ਨਾਨਕ ਜੀ ਸਾਰੇ ਜਗਤ ਦਾ ਗੁਰੂਤੇ ਪ੍ਰਗਟ ਪਹਾਰੇ ਮੁਖੀ ਪੀਰ ਹੋ ਕੇ ਪ੍ਰਗਟੇ :

ਧਰੀ ਨੀਸਾਣੀ ਕਉਸ ਦੀ, ਮਕੇ ਅੰਦਰਿ ਪੂਜ ਕਰਾਈ॥
ਜਿਥੈ ਜਾਇ ਜਗਤ ਵਿਚਿ, ਬਾਬੇ ਬਾਝੁ ਨਾ ਖਾਲੀ ਜਾਈ॥
ਘਰਿ ਘਰਿ ਬਾਬਾ ਪੂਜੀਐ, ਹਿੰਦੂ ਮੁਸਲਮਾਨ ਗਵਾਈ॥

..........................................

ਉਗਵਣਿ ਤੇ ਆਥਵਣੋ, ਨਉਖੰਡ ਪ੍ਰਿਥਮੀ ਸਭਾ ਝੁਕਾਈ॥ (ਭਾ: ਗੁ: ੧/੩੪)

ਮੁਸਲਮਾਨਾਂ ਦੇ ਮੁਖੀ ਕੇਂਦਰ ਮੱਕਾ ਵਿਚ ਜਿਥੇ ਹੁਣ ਐਸ ਵੀਹਵੀਂ ਸਦੀ ਵਿਚ ਵੀ ਕੋਈ ਗੈਰ ਮੁਸਲਮਾਨ ਅੰਦਰ ਨਹੀਂ ਜਾ ਸਕਦਾ, ਉਥੇ ਨਾ ਕੇਵਲ ਗੁਰੂ ਨਾਨਕ ਜੀ ਗਏ ਬਲਕਿ ਉਥੇ "ਫਿਰਿਆ ਮੱਕਾ ਕਲਾ ਦਿਖਾਈ" (ਭਾ: ਗੁ: ੧/੩੨) ਵਾਲਾ ਕਲਾ ਕ੍ਰਿਸ਼ਮਾਂ ਦਿਖਾਣ ਕਰਕੇ ਗੁਰੂ ਨਾਨਕ ਦੇਵ ਜੀ ਦੀ ਪੂਜਾ ਹੋਣ ਲਗ ਪਈ ਤੇ ਉਨ੍ਹਾਂ ਦੇ ਚਰਨਾਂ ਦੀ ਪਵਿਤ੍ਰ ਖੜਾਵ ਨੀਸ਼ਾਨੀ ਦੇ ਤੌਰ ਤੇ ਮੱਕੇ ਦੇ ਮੁਖੀਆਂ ਨੇ ਰਖ ਲਈ। ਭਾਵ ਕਿ ਜਿਥੇ ਵੀ ਸਾਰੇ ਜਗਤ ਵਿਚ ਸ੍ਰੀ ਗੁਰੂ ਨਾਨਕ ਜੀ ਗਏ, ਸਤਿਨਾਮ (ਵਾਹਿਗੁਰੂ) ਦੇ ਰਾਹੀਂ ਪਾਰਬ੍ਰਹਮ ਗੁਰੂ ਨਾਨਕ ਦੇਵ ਦੇ ਜੱਸ ਤੋਂ ਕੋਈ ਥਾਂ ਵੀ ਖਾਲੀ ਨਾ ਰਹੀ। ਐਥੋਂ ਤਕ ਕਿ ਚੜ੍ਹਦੇ ਤੋਂ ਲਹਿੰਦੇ ਤਕ ਸਾਰੀ ਨਉਖੰਡ ਪ੍ਰਿਥਮੀ ਸ੍ਰੀ ਗੁਰੂ ਨਾਨਕ ਦੇਵ ਜੀ ਅਗੇ ਝੁਕ ਗਈ। ਕਿਉ ਜੋ:

ਸਤਿਗੁਰ ਅਗਮ ਅਗਾਧ ਪੁਰਖ, ਕੇਹੜਾ ਝੱਲੇ ਗੁਰੂ ਦੀ ਝਾਲਾ॥ (ਭਾ: ਗੁ: ੧/੩੪

ਏਸਤਰਾਂ ਭਇਆ ਅਨੰਦ ਜਗਤੁ ਵਿਚਿ ਕਲਿ ਤਾਰਨ ਗੁਰ ਨਾਨਕ ਆਇਆ॥

ਹਿੰਦੂ ਮੁਸਲਮਾਨਿ• ਨਿਵਾਇਆ॥ (ਭਾ: ਗੁ: ੧/੩੭)

"ਹਿੰਦੂ ਮੁਸਲਮਾਨਿ ਨਿਵਾਇਆ" ਤੋਂ ਭਾਵ ਹੈ ਕਿ ਬੇਦਾਂ ਤੇ ਕਤੇਬਾਂ ਦੇ ਪੈਰੋਕਾਰ ਸਭ ਧਰਮਾਂ ਦੇ ਲੋਕ ਸ੍ਰੀ ਗੁਰੂ ਨਾਨਕ ਦੇਵ ਜੀ ਅਗੇ ਝੁਕ ਗਏ ਤੇ ਏਸ ਤਰਾਂ ਸਤਿਨਾਮ ਦਾ ਛੱਟਾ ਦੇ ਕੇ ਸਾਰੇ ਜਗਤ ਵਿਚ ਠੰਡ ਵਰਤਾਈ, ਅਤੇ ਸਾਰੇ ਕਲਜੁਗ ਜਾਂ ਸਾਰੀ ਸ੍ਰਿਸ਼ਟੀ ਨੂੰ ਤਾਰਨ ਲਈ ਗੁਰੂ ਨਾਨਕ ਜੀ ਦਾ ਪ੍ਰਕਾਸ਼ ਹੋਇਆ।

ਹੁਣ ਇਹ ਸਪਸ਼ਟ ਹੋ ਗਿਆ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਦੇ ਸਾਰੇ ਧਰਮਾਂ ਦੇ ਪੈਰੋਕਾਰ ਸਤਿਨਾਮ ਅਗੇ ਝੁਕੇ ਤੇ ਉਨਾਂ ਸਤਿਨਾਮ ਦਾ ਸਿੱਕਾ ਮੰਨਿਆ। ਤਾਂ ਫਿਰ ਉਨ੍ਹਾਂ ਦੀ ਰਚਨਾ ਧੁਰ ਕੀ ਬਾਣੀ ਦਾ ਦਰਜਾ ਕਿਵੇਂ ਰਖ ਸਕਦੀ ਹੈ ? ਇਸ ਪਦਵੀ ਤੇ ਕਿਸ ਤਰ੍ਹਾਂ ਪਹੁੰਚ ਸਕਦੀ ਹੈ ?

ਇਸ ਤੋਂ ਉਪ੍ਰੰਤ ਇਕ ਹੋਰ ਗਲ ਵੀ ਵਿਚਾਰਨ ਯੋਗ ਹੈ। ਗੁਰੂ ਗ੍ਰੰਥ ਸਾਹਿਬ ਵਿਚ ਸੰਮੂਹ ਬਾਣੀ ਗੁਰੂ ਰੂਪ ਹੈ:

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥ (ਪੰਨਾ ੯੮੨)

ਪੋਥੀ ਪਰਮੇਸਰ ਕਾ ਥਾਨੁ॥ (ਪੰਨਾ ੧੨੨੬)

ਗੁਰੂ ਰੂਪ ਹੋਣ ਕਰਕੇ ਗੁਰਬਾਣੀ ਸਤਿਨਾਮ ਦੀ ਦਾਤਾ ਹੈ। ਸਤਿਨਾਮ ਦੀ ਬਖਸ਼ਿਸ਼ ਕਰਦੀ ਹੈ:

ਗੁਰਬਾਣੀ ਵਰਤੀ ਜਗ ਅੰਤਰਿ, ਇਸੁ ਬਾਣੀ ਤੇ ਹਰਿ ਨਾਮੁ ਪਾਇਦਾ॥ (ਪੰਨਾ ੧੦੬੬)

ਗੁਰਬਾਣੀ ਸੁਣਿ ਮੈਲੁ ਗਵਾਏ॥ ਸਹਜੇ ਹਰਿ ਨਾਮੁ ਮੰਨਿ ਵਸਾਏ॥ (ਪੰਨਾ ੬੬੫)

ਲੋਗੁ ਜਾਨੈ ਇਹੁ ਗੀਤੁ, ਹੈ, ਇਹੁ ਤਉ ਬ੍ਰਹਮ ਬੀਚਾਰ॥ (ਪੰਨਾ ੩੩੫)

ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ॥ (ਪੰਨਾ ੩੦੪)

ਅੰਮ੍ਰਿਤ ਬਚਨ ਸਤਿਗੁਰੁ ਕੀ ਬਾਣੀ ਜੋ ਬੋਲੈ ਸੋ ਮੁਖਿ ਅੰਮ੍ਰਿਤ ਪਾਵੈ॥ (ਪੰਨਾ ੪੯੪)

ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ॥ (ਪੰਨਾ ੭੯੭)

ਉਹ ਬਾਣੀ ਹੀ ਸਤਿਨਾਮ ਰੂਪੀ ਅੰਮ੍ਰਿਤ ਨੂੰ ਮਨ ਵਿਚ ਵਸਾ ਸਕਦੀ ਹੈ ਜਿਸ ਬਾਣੀ ਦੇ ਉਚਾਰਨ ਵਾਲੇ ਮਹਾਂਪੁਰਸ਼ ਸਤਿਨਾਮ ਨਾਲ ਸਰਸ਼ਾਰ ਹੋਣ, ਜਿਨ੍ਹਾਂ ਤੇ "ਰੋਮਿ ਰੋਮਿ ਰਵਿਆ ਹਰਿਨਾਮੁ" (ਪੰਨਾ ੧੧੪੪) ਦੀ ਕਲਾ ਵਰਤੀ ਹੋਵੇ। ਜਿਨ੍ਹਾਂ ਭਗਤ ਜਨਾਂ ਨੂੰ ਸਤਿਨਾਮ ਦੀ ਸੋਝੀ ਹੀ ਨਹੀਂ ਸੀ, ਪਤਾ ਹੀ ਨਹੀਂ ਸੀ, ਉਨ੍ਹਾਂ ਦੀ ਉਚਾਰੀ ਬਾਣੀ ਇਹ ਕਲਾ ਨਹੀਂ ਵਰਤਾ ਸਕਦੀ ਤੇ ਇਸ ਕਰਕੇ ਉਹ ਸੱਚੀ ਬਾਣੀ ਨਹੀਂ ਅਖਵਾ ਸਕਦੀ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਨਹੀਂ ਸੀ ਹੋ ਸਕਦੀ।

ਸੋ ਹੁਣ ਵੀਚਾਰ ਵਾਲੀ ਗਲ ਹੈ ਕਿ ਫਿਰ ਭਗਤਾਂ ਦੀ ਬਾਣੀ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ਉਹ ਕਿਉਂ ਤੇ ਕਿਸ ਤਰ੍ਹਾਂ ਸ਼ਾਮਲ ਹੋਈ। ਅਸਲ਼ ਭੇਦ ਤਾਂ ਸਤਿਗੁਰੂ ਹੀ ਜਾਣਦੇ ਹਨ। ਅਸੀਂ ਤਾਂ ਆਪੋ ਆਪਣੀ ਬੁੱਧੀ ਅਨੁਸਾਰ ਅਨੁਮਾਨ ਹੀ ਲਾਉਣੇ ਹਨ ਤੇ ਇਨ੍ਹਾਂ ਅਨੁਮਾਨਾਂ ਨੂੰ ਗੁਰਮਤਿ ਜਾਂ ਧੁਰ ਕੀ ਬਾਣੀ ਦੀ ਕਸਵੱਟੀ ਤੇ ਪਰਖਣ ਦਾ ਜਤਨ ਕਰਨਾ ਹੈ।

ਹੁਣ ਤਕ ਬਹੁਤ ਸਾਰੇ ਆਧੁਨਿਕ ਇਤਿਹਾਸਕਾਰ ਤੇ **ਵਿਦਵਾਨ ਇਹੋ** ਹੀ ਲਿਖਦੇ ਆਏ ਹਨ ਕਿ ਹਿੰਦੂ ਮੁਸਲਮਾਨ ਭਗਤਾਂ ਦੀ ਚੋਂਣਵੀ ਬਾਣੀ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀਆਂ ਉਦਾਸੀਆਂ ਦੇ ਦੌਰਾਨ ਇਕਤ੍ਰ ਕਰਦੇ ਰਹੇ ਤੇ ਉਸ ਵਿਚੋਂ ਜੋ ਬਾਣੀ ਗੁਰਮਤਿ ਕਸਵੱਟੀ ਤੇ ਪੂਰੀ ਉਤਰੀ, ਉਹ ਗੁਰੂ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰ ਦਿੱਤੀ। ਇਸ ਗਲ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਇਕ ਖਾਸ ਵਿਸ਼ੇਸ਼ਤਾ ਕਰਕੇ ਪਰਗਟਾਇਆ ਗਿਆ ਹੈ ਤਾਂ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਾਰੇ ਜਗਤ ਦੇ ਸਾਂਝੇ ਧਾਰਮਿਕ ਗ੍ਰੰਥ ਦੇ ਰੂਪ ਵਿਚ ਜਣਾਇਆਂ ਜਾ ਸਕੇ।

ਅਸਲੀਅਤ ਇਹ ਹੈ ਕਿ ਕੇਵਲ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਾਜਿਆ ਪਰਸਾਰਿਆ ਗੁਰਸਿਖੀ ਧਰਮ ਹੀ ਇਕ ਐਸਾ ਸ੍ਰੇਸ਼ਟ ਤੇ ਵਿਸ਼ੇਸ਼ ਧਰਮ ਹੈ ਜਿਸ ਪਾਸ ਅਕਾਲ ਪੁਰਖ ਦਾ ਪਰਾ ਪੂਰਬਲਾ ਨਿੱਜ



www.AKJ.Org

ਰਚਿਆ ਸਤਿਨਾਮ (ਵਾਹਿਗੁਰੂ) ਹੈ ਜੋ ਸਾਰੀ ਸ੍ਰਿਸ਼ਟੀ ਦਾ ਰਚਨਹਾਰ ਤੇ ਆਸਰਾ ਹੋਣ ਕਰਕੇ ਨਿਰੰਕਾਰ ਦੇ ਦੇਸ਼ ਸੱਚ ਖੰਡ ਤਕ ਮਨੁਖ ਦੀ ਪਹੁੰਚ ਕਰਵਾ ਸਕਦਾ ਹੈ। ਸੋ ਇਸ ਲਈ ਇਹ ਹੀ ਇਕ ਸੱਚਾ ਤੇ ਅਜ਼ਲੀ ਧਰਮ ਹੈ ਜਿਸ ਪਾਸ ਧੁਰ ਕੀ ਬਾਣੀ ਹੈ ਜੋ ਪੂਰਨ ਕਲਿਆਣ ਕਾਰੀ ਹੈ।

ਏਕੋ ਧਰਮੁ ਦ੍ਰਿੜੈ ਸਚੁ ਕੋਈ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ॥ (ਪੰਨਾ ੧੧੮੮)

ਭਾਵ: ਇਕੋ ਗੁਰਮਤਿ ਧਰਮ ਹੀ ਜੁਗ ਜੁਗ ਪੂਰਾ ਉਤਰਨ ਵਾਲਾ ਧਰਮ ਹੈ।

ਇਸੇ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਧੁਰ ਕੀ ਬਾਣੀ ਦੇ ਸੰਗ੍ਰਹ ਅਤੇ ਅਕਾਲ ਪੁਰਖ ਦੇ ਸਮੂਹ ਗੁਣਾਂ ਦੇ ਪੁੰਜ ਨੂੰ "ਪਰਮੇਸਰ ਕਾ ਥਾਨੁ" ਕਹਿ ਕੇ ਸਨਮਾਨਿਆ ਗਿਆ ਹੈ।

ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਮੂਹ ਬਾਣੀ ਧੁਰ ਕੀ ਬਾਣੀ ਹੈ। ਇਹ ਬਾਣੀ ਅਕਾਲ-ਮੂਰਤ ਨਿਰੰਕਾਰ ਦਾ ਸਹੀ ਤੇ ਅਟੱਲ ਚਿਤ੍ਰ ਹੈ। ਇਸ ਚਿਤ੍ਰ ਨੂੰ ਉਹੀ ਬਿਆਨ ਕਰ ਸਕਦਾ ਹੈ ਜਿਸ ਨੂੰ ਅੰਤਰਆਤਮੇ ਪੂਰਨ ਜੋਤਿ ਦਾ ਪੂਰਨ ਅਨੁਭਵ ਹੋ ਚੁਕਾ ਹੋਵੇ। ਇਸ ਲਈ ਇਹ ਬਾਣੀ ਜਾਂ ਤਾਂ ਹਰਿ ਜੋਤਿ ਰੂਪ ਸਤਿਗੁਰੂ ਜੀ ਦੀ ਨਿੱਜੀ ਰਚਨਾ ਹੈ ਜਾਂ ਜਿਨ੍ਹਾਂ ਵਿਅਕਤੀਆਂ ਤੇ ਸ੍ਰੀ ਗੁਰੂ ਸਾਹਿਬ ਜੀ ਤੁੱਠੇ ਤੇ ਸਤਿਨਾਮ ਦ੍ਰਿੜਾ ਕੇ ਨਿਹਾਲੋ ਨਿਹਾਲ ਕੀਤਾ ਤੇ ਇਸ ਸਦਕਾ ਉਹ ਨਿਰੰਕਾਰ ਦੇ ਦੇਸ਼ ਸੱਚ ਖੰਡ, ਬੇਗਮਪੁਰਾ ਦੇ ਵਾਸੀ ਬਣੇ, ਉਨ੍ਹਾਂ ਕੋਲੋਂ ਜੋ ਬਾਣੀ ਗੁਰੂ ਸਾਹਿਬ ਨੇ ਆਪ ਮੇਹਰ ਕਰਕੇ ਰਚਵਾਈ, ਉਹ ਧੁਰ ਕੀ ਬਾਣੀ ਅਖਵਾਈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤੀ ਗਈ। ਹੋਰ ਕਿਸੇ ਆਨ ਮਤੀਏ ਭਗਤ ਦੀ ਬਾਣੀ ਦਰਜ ਨਹੀਂ ਕੀਤੀ ਗਈ।

***ਆਨ-ਮਤੀ ਭਗਤਾਂ ਦੀ ਬਾਣੀ ਕਿਵੇਂ ਰਚੀ ਗਈ ਤੇ ਕਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੋਈ:***

ਪਹਿਲਾ ਪ੍ਰਸ਼ਨ ਇਹ ਹੈ ਕਿ ਸਚਮੁਚ ਹੀ ਇਹ ਸਾਰੇ ਭਗਤ ਜਿਨ੍ਹਾਂ ਦੀ ਰਚਨਾ ਗੁਰੂ ਗ੍ਰੰਥ ਸਾਹਿਬ ਵਿੱਚ ਹੈ, ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਹਿਲੋ ਹੀ ਹੋਏ ਹਨ ? ਇਸ ਸੰਬੰਧੀ ਇਕ ਨਵੀਨ ਖੋਜ ਅਨੁਸਾਰ ਇਹ ਦਰਸਾਇਆ ਗਿਆ ਹੈ ਕਿ ਇਹ ਸਾਰੇ ਭਗਤ ਸ੍ਰੀ ਗੁਰੂ ਨਾਨਕ ਦੇਵ ਜੀ ਜਾਂ ਹੋਰ ਕਿਸੇ ਪਾਵਨ ਗੁਰ ਵਿਅਕਤੀ ਦੇ ਸਮਕਾਲੀ ਸੁਨ ਤੇ ਉਨ੍ਹਾਂ ਨੇ ਗੁਰੂ ਸਾਹਿਬ ਪਾਸੋਂ ਸਤਿਨਾਮ ਦੀ ਪ੍ਰਾਪਤੀ ਕੀਤੀ ਸੀ। ਭਾਵ ਇਹ ਕਿ ਉਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿਖ ਬਣੇ ਸਨ। ਕਮਾਈਆਂ ਉਨ੍ਹਾਂ ਦੀਆਂ ਪਹਿਲਾਂ ਹੀ ਅਤੁਟ ਸਨ ਭਾਵੇਂ ਉਹ ਕਿਰਤਮ ਨਾਮਾਂ ਦੀਆਂ ਹੀ ਸਨ। ਪਰ ਉਨ੍ਹਾਂ ਕਮਾਈਆਂ ਸਦਕਾ ਉਨ੍ਹਾਂ ਦੇ ਹਿਰਦੇ ਨਿਰਮਲ ਹੋ ਚੁਕੇ ਸਨ। ਕੇਵਲ ਕਸਰ ਸਤਿਨਾਮ ਦੀ ਪ੍ਰਾਪਤੀ ਦੀ ਸੀ। ਇਸ ਦੇ ਮਿਲਦਿਆਂ ਹੀ ਉਨ੍ਹਾਂ ਦੇ ਕਪਾਟ ਖੁਲ੍ਹ ਗਏ। ਜੀਉਂਦੇ ਜੀ ਹੀ ਉਹ ਸੱਚ ਖੰਡ ਵਾਸੀ ਬਣ ਗਏ। ਉਨ੍ਹਾਂ ਤੇ ਹੋਰ ਤੁੱਠ ਕੇ ਸਤਿਗੁਰੂ ਜੀ ਨੇ ਰਚਨਾ ਰਚਨ ਲਈ ਆਗਿਆ ਕੀਤੀ। ਜੋ ਰਚਨਾ ਇਸ ਤਰਾਂ ਸਤਿਗੁਰੂ ਜੀ ਦੀ ਨਦਰ ਤੇ ਮਿਹਰਾਮਤ ਸਦਕਾ ਰਚੀ ਗਈ, ਉਹ ਤੇ ਕੇਵਲ ਉਹ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤੀ ਗਈ। ਕਿਉਂਕਿ ਹੁਣ ਉਹ ਬਾਣੀ ਪਾਰਬ੍ਰਹਮ ਰੂਪ ਸ੍ਰੀ ਗੁਰੂ ਨਾਨਕ ਜੀ ਦੀ ਮੇਹਰ ਸਦਕਾ ਰਚੀ ਗਈ ਸੀ ਇਸ ਲਈ ਧੁਰ ਕੀ ਬਾਣੀ ਸੀ। ਵਖੋ ਵਖ ਭਗਤਾਂ ਸੰਬੰਧੀ ਇਹ ਖੋਜ ਸੰਖੇਪ ਰੂਪ ਵਿਚ ਇਸ ਪਰਕਾਰ ਹੈ:

(੧) ਗੋਇੰਦਵਾਲ ਵਾਲੀਆਂ ਪੋਥੀਆਂ ਵਿਚ ਇਕ ਕੀਮਤੀ ਸੂਚਨਾ ਪੰਜ ਵਾਰੀ ਇਸ ਤਰ੍ਹਾਂ ਲਿਖੀ ਹੈ:

ਕਬੀਰ ਨਾਮਾ ਭਗਤ ਗੁਰੂ ਬਾਬੇ ਦੇ॥

(੨) ਭਗਤ ਸ੍ਰੀ ਰਾਮਾ ਨੰਦ ਜੀ ਦਾ ਮੇਲ ਗੁਰੂ ਨਾਨਕ ਜੀ ਨਾਲ ਹੋਇਆ। ਇਕ ਪੁਰਾਤਨ ਗ੍ਰੰਥ 'ਪ੍ਰਾਣ ਸੰਗਲੀ' ਅਨੁਸਾਰ ਸ੍ਰੀ ਰਾਮਾ ਨੰਦ ਜੀ ਦੇ ਵਾਕ ਹਨ :

ਐਸੇ ਗੁਰੁ ਗਿਆਨ ਜੀਵਤ ਹੀ ਮੂਆ॥ ਰਾਮਾਨੰਦ ਸੁਆਮੀ ਨਿਹਚਲ ਹੂਆ।

ਕ੍ਰਿਪਾ ਕਰਿ ਗੁਰ ਨਾਨਕ, ਰਾਮਾ ਨੰਦ ਸ਼ਿਸ਼ਯ ਕੀਆ। ਖੰਡ ਮੰਡਲ ਕਾ ਬੀਚਾਰ ਦੀਆ।

(੩) ਭਗਤ ਕਬੀਰ ਜੀ, ਰਵਿਦਾਸ ਜੀ, ਪੀਪਾ ਜੀ ਤੇ ਸੈਣ ਜੀ ਇਹ ਸਾਰੇ ਭਗਤ ਰਾਮਾ ਨੰਦ ਜੀ ਦੇ ਚੇਲੇ ਸਨ। ਜਦ ਰਾਮਾਨੰਦ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਸਤਿਨਾਮ ਲੈ ਕੇ ਬ੍ਰਹਮ ਅਨੰਦ ਵਿਚ ਮਗਨ


www.AKJ.Org

ਹੋ ਗਏ ਤਾਂ ਉਨ੍ਹਾਂ ਦੇ ਚੇਲਿਆਂ ਤੇ ਵੀ ਇਸ ਦਾ ਪ੍ਰਭਾਵ ਪੈਣਾ ਕੁਦਰਤੀ ਸੀ। ਸੋ ਉਨ੍ਹਾਂ ਸਭਨਾਂ ਨੇ ਵੀ ਸਤਿਗੁਰੂ ਜੀ ਦੇ ਚਰਨ ਪਰਸ ਕੇ ਸਤਿਨਾਮ ਦੀ ਪ੍ਰਾਪਤੀ ਕੀਤੀ। ਖਾਸ ਕਰ ਭਗਤ ਕਬੀਰ ਰਚਿਤ ਬਾਵਨ ਅਖਰੀ ਦੇ ਹਰ ਪਦੇ ਦਾ ਮੁਢਲਾ ਅੱਖਰ, ਕੱਕਾ, ਖੱਖਾ, ਗੱਗਾ ਆਦਿ ਗੁਰਮੁਖੀ ਉਚਾਰਨ ਦੇ ਰੂਪ ਵਿਚ ਹੈ। ਸੋ ਸਪਸ਼ਟ ਹੈ ਕਿ ਗੁਰੂ ਨਾਨਕ ਪੱਧਤੀ ਦੀ ਮੂਲ ਵਸਤੂ ਗੁਰੂ ਨਾਨਕ ਜੀ ਤੋਂ ਹੀ ਕਬੀਰ ਜੀ ਨੂੰ ਮਿਲੀ।

(੪) ਨਾਮ ਦੇਵ ਜੀ ਦਖਣ ਵਿਚ ਕਮਾਰ ਤੀਰਥ ਤੇ ਗੁਰੂ ਨਾਨਕ ਜੀ ਨੂੰ ਮਿਲੇ ਤੇ ਸਤਿਨਾਮ ਦੀ ਪ੍ਰਾਪਤੀ ਕੀਤੀ। ਉਸ ਤੋਂ ਪਿਛੋਂ ਉਹ ੨੦-੨੫ ਸਾਲ ਪੰਜਾਬ ਵਿਚ ਰਹੇ।

(੫) ਭਗਤ ਤ੍ਰਿਲੋਚਨ ਜੀ ਬਾਰੇ ਸਭ ਤੋਂ ਮਹਤਵ ਪੂਰਨ ਗਵਾਹੀ ਗੁਰੂ ਅਰਜਨ ਦੇਵ ਜੀ ਦਾ ਇਹ ਮਹਾਂਵਾਕ ਹੈ:

ਤ੍ਰਿਲੋਚਨ ਗੁਰ ਮਿਲਿ ਭਈ ਸਿਧਿ॥ (ਪੰਨਾ: ੧੧੯੨)

ਭਾਵ : ਤ੍ਰਿਲੋਚਨ ਜੀ ਨੂੰ ਗੁਰੂ ਨਾਨਕ ਜੀ ਦੇ ਨਾਲ ਮੇਲ ਹੋਣ ਕਰਕੇ ਸਿੱਧੀ ਪ੍ਰਾਪਤ ਹੋਈ।

(੬) ਜੈਦੇਵ ਜੀ ਤੇ ਨਾਮਦੇਵ ਜੀ ਸੰਬੰਧੀ ਗੁਰਬਾਣੀ ਦਾ ਫੁਰਮਾਨ ਹੈ :

ਗੁਰਪਰਸਾਦੀ ਜੈਦੇਉ ਨਾਮਾਂ॥ ਭਗਤਿ ਕੈ ਪ੍ਰੇਮਿ ਇਨ ਹੀ ਹੈ ਜਾਨਾਂ॥(ਪੰਨਾ : ੩੩੦)

(੭) ਭਗਤ ਬੇਣੀ ਜੀ ਸੰਬੰਧੀ ਗੁਰੂ ਅਰਜਨ ਦੇਵ ਜੀ ਦਾ ਮਹਾਂਵਾਕ ਹੈ:

ਬੇਣੀ ਕਉ ਗੁਰਿ ਕੀਓ ਪ੍ਰਗਾਸੁ॥ (ਪੰਨਾ ੧੧੯੨)

ਭਾਵ: ਬੇਣੀ ਜੀ ਨੂੰ ਸੱਚੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮੇਹਰ ਸਦਕਾ ਪਰਮ ਜੋਤਿ ਦਾ ਪ੍ਰਕਾਸ਼ ਹੋਇਆ।

ਸੋ ਬੇਣੀ ਜੀ ਵੀ ਸ੍ਰੀ ਗੁਰੂ ਨਾਨਕ ਜੀ ਦੇ ਸਮਕਾਲੀ ਸਨ ਤੇ ਉਨ੍ਹਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਕੋਲੋਂ ਸਤਿਨਾਮ ਦੀ ਪ੍ਰਾਪਤੀ ਹੋਈ ਸੀ।

(੮) ਭਗਤ ਪਰਮਾ ਨੰਦ ਜੀ ਤੇ ਭਗਤ ਮਦਨਮੋਹਨ ਸੂਰਦਾਸ ਜੀ ਅਕਬਰ ਦੇ ਸਮੇਂ ਹੋਏ ਹਨ ਜੋ ਮੀਰਾਂ ਤੇ ਦੂਜੇ ਆਮ ਪ੍ਰਸਿੱਧ ਸੂਰਦਾਸ ਵਾਂਗ ਕ੍ਰਿਸ਼ਨ ਭਗਤ ਨਹੀਂ ਸਨ। ਭਾਸਦਾ ਇੰਵ ਹੈ ਕਿ ਇਨ੍ਹਾਂ ਦੋਹਾਂ ਭਗਤਾਂ ਨੂੰ ਸਤਿਨਾਮ ਦੀ ਪ੍ਰਾਪਤੀ ਸ੍ਰੀ ਗੁਰੂ ਅਮਰਦਾਸ ਜੀ ਪਾਸੋਂ ਹੋਈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੂਰਦਾਸ ਦੇ ਨਾਮ ਹੇਠ ਜੋ ਰਚਨਾ ਮਿਲਦੀ ਹੈ ਉਹ ਇਸੇ ਮਦਨ ਮੋਹਨ ਸੂਰਦਾਸ ਦੀ ਹੈ, ਕ੍ਰਿਸ਼ਨ ਭਗਤ ਤੇ ਆਮ ਪ੍ਰਸਿਧ ਸੂਰਦਾਸ ਦੀ ਨਹੀਂ।

(੯) ਜਨਮ ਸਾਖੀ ਮੇਹਰਵਾਨ ਜੀ ਵਾਲੀ ਅਨੁਸਾਰ ਅਯੁਧਿਆ ਵਿਚ ਜੋ ਭਗਤ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਮਿਲੇ ਸਨ ਉਨ੍ਹਾਂ ਵਿਚ ਸਧਨਾ ਜੀ ਤੇ ਧੰਨਾ ਜੀ ਵੀ ਸਨ। ਸੋ ਇਹ ਭਗਤ ਵੀ ਗੁਰੂ ਨਾਨਕ ਵਰੋਸਾਏ ਹੋਏ ਸਨ।

(੧੦) ਭਗਤ ਭੀਖਨ ਜੀ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਈ ਇਹ ਤੁਕ:

ਗੁਰ ਪਰਸਾਦਿ ਕਹੈ ਜਨੁ ਭੀਖਨੁ ਪਾਵਉ ਮੋਖ ਦੁਆਰਾ॥ (ਪੰਨਾ: ੬੫੯)

ਸਪਸ਼ਟ ਕਰਦੀ ਹੈ ਕਿ ਭੀਖਨ ਜੀ ਨੂੰ ਵੀ ਸ੍ਰੀ ਗੁਰੂ ਨਾਨਕ ਜੀ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਹੀ ਮੋਖ ਦੁਆਰ ਦੀ ਪ੍ਰਾਪਤੀ ਹੋਈ।

(੧੧) ਸ਼ੇਖ ਫਰੀਦ ਦੇ ਨਾਮ ਹੇਠ ਦਰਜ ਬਾਣੀ ਪਾਕਪਟਨ ਦੇ ਪ੍ਰਸਿਧ ਸ਼ਕਰ ਗੰਜ ਬਦਰੁਦੀਨ ਦੀ ਗੱਦੀ ਉਤੇ ਬੈਠੇ ਅਤੇ ਕਰਣੀ ਵਿਚ ਪਹਿਲੇ ਫਰੀਦ ਜਿਹੇ ਹੀ ਮੰਨੇ ਜਾਣ ਵਾਲੇ ਸ਼ੇਖ ਇਬਰਾਹੀਮ (ਫਰੀਦ ਸਾਨੀ) ਦੀ ਹੈ। ਸ਼ੇਖ ਇਬਰਾਹੀਮ ਨਾਲ ਜਨਮ ਸਾਖੀਆਂ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਦੋ ਵਾਰੀ ਮੇਲ ਹੋਇਆ। ਸਤਿਨਾਮ ਦੀ ਪ੍ਰਾਪਤੀ ਕਰਕੇ ਇਸਲਾਮੀ ਵਿਸ਼ਵਾਸ਼ਾਂ ਤੋਂ ਉਪਰ ਉਠ ਕੇ ਇਕ ਅਕਾਲ ਪੁਰਖ ਦੀ ਅਰਾਧਨਾ ਕੀਤੀ। ਉਨ੍ਹਾਂ ਦੀ ਬਾਣੀ ਇਸ ਲਈ ਇਸਲਾਮੀ ਸ਼ਰ੍ਹਾ ਦੀ ਕਸਵੱਟੀ ਤੇ ਪੂਰੀ ਨਾ ਉਤਰਨ ਕਰਕੇ ਸ਼ਕਰ ਗੰਜ ਗੱਦੀ ਦੇ ਅਧਿਕਾਰੀ ਵੀ ਇਸ ਬਾਣੀ ਨੂੰ ਪਹਿਲੇ ਫਰੀਦ ਦੀ ਰਚਨਾ ਨਹੀਂ ਮੰਨਦੇ। ਅਸਲ ਵਿਚ ਪਹਿਲੇ ਸ਼ੇਖ ਬਦਰੁਦੀਨ ਫਰੀਦ ਨੇ ਕੋਈ ਰਚਨਾ ਰਚੀ ਹੀ ਨਹੀਂ।

ਸੋ ਇਹ ਹੈ ਸੰਖੇਪ ਇਕ ਪੱਖ ਦਾ। ਇਸ ਅਨੁਸਾਰ ਇਹ ਸਿੱਟਾ ਕਢਿਆ ਗਿਆ ਹੈ ਜਿਨ੍ਹਾਂ ਭਗਤਾਂ ਦੀਆਂ ਰਚਨਾਵਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹਨ ਉਹ ਸਾਰੇ ਸ੍ਰੀ ਗੁਰੂ ਨਾਨਕ ਦੇਵ ਜੀ ਜਾਂ ਉਨ੍ਹਾਂ ਦੇ ਕਿਸ

(ਬਾਕੀ ਪੰਨਾ ੨੫ ਤੇ.....)


www.AKJ.Org

## ਸ੍ਰੀ ਗੁਰੂ ਜੀ ਦਾ ਆਪਣੇ ਸਿਖਾਂ ਪ੍ਰਤਿ ਸੰਦੇਸ਼

ਕੀ ਉਹ ਸਚ ਜੋ ਮੈਂ ਕਲ ਤੁਹਾਨੂੰ ਬਖਸ਼ਿਆ ਸੀ ਆਪਣੀ ਖਿਚ ਗਵਾ ਚੁਕਾ ਹੈ?
ਆਪਣੇ ਕਲਿਆਨ ਲਈ ਉਸ ਨੂੰ ਮੁੜ ਖੋਜੋ ਇਹੀ ਸਚ ਮੈਂ ਬਾਰ ਬਾਰ ਦ੍ਰਿੜ੍ਹਾਇਆ ਹੈ।
ਇਹ ਸਰਵੁਚ ਹੈ ਸਰਬ ਸ੍ਰੇਸ਼ਟ ਹੈ।
ਉਹ ਮਿਠੀ ਰੱਬੀ ਬਾਣੀ
ਜਿਸ ਨੂੰ ਮੈਂ ਤੁਹਾਨੂੰ ਅਵਤਾਰ ਰੂਪਾਂ ਵਿਚ, ਗਾ ਕੇ ਸੁਣਾਇਆ ਹੈ।
ਤੁਸਾਂ ਉਸ ਦਾ ਥਾਹ ਨਹੀਂ ਪਾਇਆ। ਮੇਰਾ ਇਹ ਭਾਵ ਤਾਂ ਨਹੀਂ ਸੀ ਕਿ ਤੁਸੀਂ
ਉਸ ਜੀਅ ਦਾਨ ਦੇਣ ਵਾਲੀ ਅਮਰ ਰਚਨਾ ਨੂੰ ਨਿਰਜਿੰਦ ਮਤ ਵਿਚ ਬਦਲ ਦਿਓ।
ਤੇ ਸਚ ਵਲੋਂ ਪਿਠ ਮੋੜ ਲਵੋ
ਹੁਣ ਮੈਂ ਤੁਹਾਨੂੰ ਇਸ ਗੁਰਬਾਣੀ ਦੀ ਸੌਂਪਣਾ ਵਿਚ ਇਕਲਿਆਂ ਛਡ ਰਿਹਾ ਹਾਂ।
ਇਹ ਬਾਣੀ ਮੇਰਾ ਸਰਗੁਣ ਸਰੂਪ ਹੈ। ਇਹ ਮੇਰੇ ਸਿਖਾਂ ਦਾ ਜਿਊਂਦਾ ਹਰਿਮੰਦਰ ਹੈ।
ਇਹ ਸ਼ਬਦ ਸਿਖਾਂ ਲਈ ਗੁਰੂ ਦੇ ਫੁਰਮਾਨ ਹੋਣਗੇ।
ਗੁਰੂ ਗ੍ਰੰਥ ਦੇ ਸਰੂਪ ਵਿਚ ਇਹ ਬਾਣੀ ਮੇਰਾ ਸਥਾਨ ਲਵੇਗੀ।
ਮੈਂ ਦੀਪਕ ਦੀ ਉਹ ਜੋਤ ਹਾਂ।
ਜਿਸ ਦੇ ਦਵਾਲੇ ਪਰਵਾਨੇ ਰਾਤ ਨੂੰ ਆ ਕੇ ਬੈਠਦੇ ਹਨ।
ਇਹ ਜੋਤ ਉਨ੍ਹਾਂ ਦੀ ਰੱਛਾ ਕਰਦੀ ਹੈ।
ਉਨ੍ਹਾਂ ਨੂੰ ਆਪਣੇ ਪ੍ਰਕਾਸ਼ ਥੱਲੇ ਢਕ ਲੈਂਦੀ ਹੈ।
ਉਨ੍ਹਾਂ ਨੂੰ ਅਨਾਦੀ ਜੀਵਨ ਦੇ ਗੁਝੇ ਰਹੱਸ ਸਮਝਾਉਂਦੀ ਹੈ।
ਮੈਂ ਉਹ ਪ੍ਰਕਾਸ਼ ਹਾਂ। ਜੋ ਅੰਧਕਾਰ ਦਾ ਨਾਸ਼ ਕਰਦਾ ਹੈ।
ਮੈਂ ਤਾਮਸ ਵਿਰਤੀ ਦੇ ਜ਼ਖਮਾਂ ਨੂੰ ਭਰਦਾ ਹਾਂ।
ਮੈਂ ਖੰਡੇ ਦੀ ਤਿੱਖੀ ਧਾਰ ਵਾਲੀ ਸ਼ਕਤੀ ਦਾ ਪਰੇਰਨਾ ਸਰੋਤ ਹਾਂ।
ਮੈਂ ਆਪਣੇ ਪ੍ਰੇਮ ਰੰਗ ਵਿਚ ਰੱਤੀਆਂ ਚਿੜੀਆਂ ਤੋਂ
ਘਿਰਣਾਂ ਦੇ ਬਾਜ਼ਾਂ ਦੇ ਖੰਭ ਤੁੜਾਉਂਦਾ ਹਾਂ।
ਮੈਂ ਸੂਰਜ ਦੇ ਮੋਢਿਆਂ ਤੋਂ ਉਤਾਰੇ ਆਪਣੇ ਭੱਥੇ ਵਿਚੋਂ ਜਦੋਂ
ਮੈਂ ਆਪਣੇ ਸੁਨਹਿਰੀ ਤੀਰ ਚਲਾਉਂਦਾ ਹਾਂ ਤਾਂ ਸਦੀਆਂ ਦੀ ਨਿਰਾਸ਼ਾ ਫੁੰਡੀ ਜਾਂਦੀ ਹੈ।
ਮੈਂ ਜਦੋਂ ਨੀਲ ਗਗਨਾਂ ਵਿਚੋਂ ਕਿਰਪਾਨ ਸੂਤ ਅਰਦਾਸ ਵਿਚ ਜੁੜ ਕੇ ਅਰਦਾਸ ਕਰਦਾ ਹਾਂ,
ਤਾਂ ਤੁਹਾਡੇ ਦੁਆਲੇ ਵੱਲੇ ਹੋਏ ਅਗਿਆਨ ਦੇ ਬੰਧਨ ਟੁਟ ਜਾਂਦੇ ਹਨ।
ਜਦੋਂ ਮੈਂ-ਹਥ-ਪੈਰ ਜਕੜੀ ਨਿਆਸਰੇ ਜੀਵ ਕਤਲਗਾਹ ਵਿਚ ਲਿਜਾਏ ਵੇਖਦਾ ਹਾਂ।
ਜਿਨ੍ਹਾਂ ਨੂੰ ਅੰਧਕਾਰ ਦੇ ਭੂਤਾਂ ਦੀ ਪ੍ਰਸੰਨਤਾ ਲਈ,
ਬਲੀ ਚੜ੍ਹਾਇਆ ਜਾਂਦਾ ਹੈ, ਤਾਂ ਮੈਂ ਸਨਮੁਖ ਹੋ,
ਉਨ੍ਹਾਂ ਰਾਤ ਦੇ ਭੂਤਾਂ ਨੂੰ ਖਿੰਡਾ ਦਿੰਦਾ ਹਾਂ।
ਚਿੱਟੇ ਖੰਭਾਂ ਵਾਲਾ ਬਾਜ਼ ਮੇਰੇ ਹੱਥ ਉਤੇ ਸੁਭਾਇਮਾਨ ਹੈ।
ਇਸ ਦੇ ਪੰਜਿਆਂ, ਵਿਚ ਕਾਲ ਦਾ ਪੰਛੀ ਹੈ।
ਮੈਂ ਸਦੈਵ ਜਗਦੀ ਜੋਤ ਹਾਂ। ਜਿਸ ਤੋਂ ਸਦਾ ਜੀਵਨ ਪ੍ਰਕਾਸ਼ਮਾਨ ਹੁੰਦਾ ਹੈ।
ਮੈਂ ਤੁਹਾਨੂੰ ਨਵੀਂ ਬਾਦਸ਼ਾਹਤ ਬਖਸ਼ੀ ਹੈ, ਨਵੀਂ ਰਾਜ ਬੰਸ ਦਿਤੀ ਹੈ।
ਇਸ ਰਾਜ ਵਿਚ ਕੋਈ ਪੀੜਾ ਨਹੀਂ।
ਮੈਂ ਉਹ ਹਾਂ ਜਿਸਨੂੰ ਤੁਸੀਂ ਭੁਲਾ ਨਹੀਂ ਸਕੋਗੇ।
ਮੈਂ ਹੱਥ ਵਿਚ ਖੜਗ ਸੂਤ ਤੁਹਾਡੇ ਲਈ ਦਿਨ ਦਾ ਚਮਕਾਰਾ ਲੈ ਕੇ ਆਉਂਦਾ ਹਾਂ।


www.AKJ.Org

ਮੈਂ ਉਹ ਸੱਚ ਹਾਂ ਜਿਸਦਾ ਪੁਸਤਕਾਂ ਵਿਚੋਂ ਵਰਣਨ ਨਹੀਂ ਮਿਲ ਸਕੇਗਾ।
ਮੇਰੇ ਸਬੰਧੀ ਪੁਸਤਕਾਂ ਦੇ ਬਿਰਤਾਂਤ ਵੀ ਮੇਰੇ ਸਚ ਨਾਲ ਮੇਲ ਨਹੀਂ ਖਾਂਦੇ।
ਮੈਂ ਆਉਂਦਾ ਹਾਂ ਵਾਹਿਗੁਰੂ ਸਚ ਹੈ। ਅਸੀਂ ਵਾਹਿਗੁਰੂ ਦੀ ਅੰਸ਼ ਹਾਂ।
ਵਾਹਿਗੁਰੂ ਜੀ ਕਾ ਖਾਲਸਾ ਹੈ। ਵਾਹਿਗੁਰੂ ਜੀ ਕੀ ਫਤਹ ਹੈ।
ਜਦੋਂ ਮੈਂ ਉਸ ਖੰਡੇ ਦੀ ਸ਼ਕਤੀ ਦਾ ਗੀਤ ਗਾਉਂਦਾ ਹਾਂ
ਜਿਸ ਨਾਲ ਪ੍ਰਿਥਮੇ ਪ੍ਰਭੂ ਨੇ ਰਚਨਾ ਰਚੀ ਹੈ
ਜੋ ਉਸ ਦੀ ਆਪਣੀ ਅਕਾਲੀ ਹੋਂਦ ਤੋਂ ਸਿਰਜੀ ਗਈ ਹੈ।
ਜੇ ਸਾਡੀ ਉਸ ਸ਼ਕਤੀ ਤੋਂ ਪਹਾੜ ਨਹੀਂ ਹਿਲਣਗੇ
ਤਾਂ ਉਹ ਗਮੀ ਦੇ ਪਛਤਾਵੇ ਵਿਚ ਨਸ਼ਟ ਹੋ ਜਾਣਗੇ।
ਜੇ ਦਰਿਆ ਸਾਨੂੰ ਰਾਹ ਨਹੀਂ ਦੇਣਗੇ ਤਾਂ ਉਹ ਸੁਕ ਜਾਣਗੇ।
ਮੇਰੇ ਲਈ ਫੁਲਾਂ ਤੇ ਮਠਿਆਈਆਂ ਦੇ ਚੜ੍ਹਾਵੇ ਨਾ ਲਿਆਵੋ,
ਮੇਰੇ ਲਈ ਮੇਰੇ ਵਡੇਰਿਆਂ ਦਾ ਖੂਨ ਲਿਆਵੋ।
ਮੈਂ ਨੰਗੀ ਤਲਵਾਰ ਸੂਤ ਕੇ ਖਲੋਤਾ ਹਾਂ।
ਮੈਂ ਆਪਣੇ ਆਪ ਨੂੰ ਆਪਣੇ ਲੋਕਾਂ ਲਈ ਬਲੀਦਾਨ ਕਰਨਾ ਹੈ
ਤੁਹਾਨੂੰ ਉਹ ਤ੍ਰਿਸਕਾਰਦੇ ਹਨ। ਤੁਹਾਨੂੰ ਨੀਚ ਜਾਤੀ ਦਾ ਜਾਣਦੇ ਹਨ।
ਮੈਂ ਤੁਹਾਨੂੰ ਖੁਸ਼ੀ ਦੇ ਕੇਸਰੀ ਬਸਤਰ ਪਹਿਨਾਵਾਂਗਾ
ਅਤੇ ਤੁਹਾਡੇ ਲਹੂ ਵਿਚ ਅਕਾਸ਼ ਦੀ ਅਗਨੀ ਪ੍ਰਚੰਡ ਕਰ ਦਿਆਂਗਾਂ।
ਜਿਸ ਅਗੇ ਸੂਰਜ ਤੇ ਚੰਨ ਵੀ, ਪਿਘਲ ਜਾਂਦੇ ਹਨ। ਉਸਦਾ ਪਾਣੀ ਭਰਦੇ ਹਨ।
ਤੁਸੀਂ ਪੰਚ ਪ੍ਰਧਾਨ ਹੋ ਵਾਹਿਗੁਰੂ ਦਾ ਰਬੀ ਖਾਲਸਾ।
ਜੁਤੀਆਂ ਗੰਢਣ ਵਾਲਿਓ, ਚਮੜਾ ਰੰਗਣ ਵਾਲਿਓ ਕਪੜਾ ਉਣਨ ਵਾਲਿਓ। ਧੋਬੀਓ। ਕਲਾਲੋ।
ਦੱਬੇ ਲਿਤਾੜੇ ਕਿਰਤੀਓ । ਕਿਸਾਨੋ । ਆਓ ਮੇਰੇ ਕੋਲੋਂ ਇਸ ਰਬੀ ਜੋਤੀ ਨੂੰ ਪਕੜੋ।
ਇਹ ਕੇਵਲ ਤੁਹਾਡੇ ਲਈ ਹੈ। ਇਹ ਬ੍ਰਹਮ ਗਿਆਨ ਦੀ ਪੁਰਾਤਨ ਜੋਤੀ ਹੈ।
ਫੜੋ, ਇਹ ਤੁਹਾਡੀ ਆਤਮਾ ਹੈ, ਇਸ ਮਹਾਂ ਜੋਤੀ ਦਾ ਅਰਾਧਨਾ ਕਰੋ,
ਅਤੇ ਇਸ ਦੇ ਸੂਰਜੀ ਪ੍ਰਕਾਸ਼ ਵਿਚ ਵਿਚਰੋ;
ਇਹ ਪ੍ਰੇਮ ਦਾ ਸਾਖਿਆਤ ਸਰੂਪ ਹੈ। ਇਸ ਤੋਂ ਬਿਨਾਂ ਹੋਰ ਸਭ ਕੁਝ
ਬਿਨਸਨਹਾਰ ਮਿਥਿਆ ਤੇ ਭਰਮ ਹੈ।
ਗੁਰੂ ਦਾ ਸ਼ਬਦ ਜੀਵਨ ਹੈ, ਉਸਦਾ ਨਾਮ ਅਬਿਨਾਸ਼ੀ ਹੈ।
ਜਦੋਂ ਤਕ ਇਸ ਦੀ ਨਿਹਚਲ ਜੋਤ ਨਿਸਬਾਸਰ ਤੁਹਾਡੇ ਅੰਦਰ ਜਗਦੀ ਹੈ
ਤੁਸੀਂ ਪਵਿਤਰਤਾ ਦੇ ਸਮਰਾਟ-ਖਾਲਸਾ ਹੋ।
ਮਨੁਖ ਇਕ ਹੈ। ਪ੍ਰਭੂ ਇਕ ਹੈ। ਪ੍ਰੇਮ ਇਕ ਹੈ।
ਅੰਤਰ-ਆਤਮੇ ਦੀ ਜੋਤ ਨਾਲ ਇਕ ਸਚ ਨਾਲ ਇਕ ਪ੍ਰੇਮ ਨਾਲ
ਤੁਸੀਂ ਨਾਮ ਦੀ ਸ਼ਾਂਤੀ ਦੇ ਧੁਨੀ ਵਿਚ ਵਿਚਰੋ।
ਤੁਸੀਂ ਖਾਲਸਾ ਦੇ ਸਪੂਤ ਹੋ।
ਤੁਹਾਡੇ ਅੰਦਰ ਪ੍ਰਕਾਸ਼ਮਾਨ ਇਸ ਜੋਤ ਤੋਂ ਬਿਨਾਂ ਹੋਰ ਸਭ ਅਸਤ ਤੇ ਅਸਥਿਰ ਹੈ।
ਜੋ ਇਸ ਜੋਤ ਦਾ ਪ੍ਰੇਮੀ ਹੈ, ਉਹ ਜਿਉਂਦੀ ਆਤਮਾ ਹੈ। ਹੋਰ ਮੁਰਦਾ ਹੈ।
ਆਪਣੇ ਅੰਦਰ ਇਸ ਜੋਤ ਨੂੰ ਜਗਾਉ, ਚੰਗਿਆਈ ਨੂੰ ਪ੍ਰੇਮ ਕਰੋ।
ਸਿਮਰਨ ਦਾ ਧਨ ਇਕਤਰ ਕਰੋ,
ਇਉਂ ਤੁਸੀਂ ਯਮ ਦੀ ਫਾਹੀ ਨੂੰ ਕਟ ਦਿਓਗੇ
ਤੇ ਅਮਰ ਪਦ ਦੀ ਸੁੰਤਤਰਤਾ ਨੂੰ ਪ੍ਰਾਪਤ ਕਰ ਲਵੋਗੇ।


www.AKJ.Org

# ਡਾਕਟਰ ਨੇਕੀ ਨਾਲ ਕੁਝ ਗੱਲਾਂ

(ਰਿਣੁਕਾ ਸਰਬਜੀਤ ਸਿੰਘ)

ਪਿਛਲੇ ਦਿਨੀਂ ਉਘੇ ਮਨੋਰੋਗ ਮਾਹਰ ਅਤੇ ਪੀ. ਜੀ. ਆਈ. ਚੰਡੀਗੜ੍ਹ ਦੇ ਸਾਬਕਾ ਡਾਇਰੈਕਟਰ ਡਾ: ਜਸਵੰਤ ਸਿੰਘ ਨੇਕੀ ਆਪਣੀ ਤੀਖਣ ਵਿਵੇਕਸ਼ੀਲ ਬੁੱਧੀ, ਮਿੱਠ ਬੋਲੜੇ ਤੇ ਹਸਮੁੱਖ ਸੁਭਾਅ ਰਾਹੀਂ ਹਮੇਸ਼ਾਂ ਵਾਂਗ ਸਾਨੂੰ ਸਭਨਾਂ ਨੂੰ ਆਨੰਦਿਤ ਕੀਤਾ। ਡਾਕਟਰ ਨੇਕੀ ਨਾਲ ਹੋਈਆਂ ਕੁਝ ਗੱਲਾਂ ਇਉਂ ਹਨ :

* ਸਾਡੀ ਓਟ ਸੰਗਤ ਹੈ। ਕਿਸੇ ਨੇਕ ਕਾਰਜ ਲਈ ਅਸੀਂ 300 ਗੁਰਦੁਆਰਿਆਂ ਨੂੰ ਚਿੱਠੀਆਂ ਪਾਈਆਂ। ਪਰ ਕਿਸੇ ਨੇ ਸਹਿਯੋਗ ਨਹੀਂ ਦਿੱਤਾ। ਪਰ ਜਦ ਸੰਗਤ ਕੋਲ ਅਪੀਲ ਕੀਤੀ ਤਾਂ ਆਸ ਨਾਲੋ ਵੱਧ ਸਹਿਯੋਗ ਮਿਲਿਆ।

* ਕਹਿੰਦੇ ਇਕ ਵਾਰੀ ਕਾਰ ਸੇਵਾ ਚਲ ਰਹੀ ਸੀ ਤਾਂ ਅਮਰੀਕਾ ਤੋਂ ਇਕ ਬੜਾ ਹੀ ਧਨਾਡ ਗੁਰਸਿੱਖ ਆ ਕੇ ਸੰਗਤਾਂ ਨੂੰ ਕਹਿਣ ਲੱਗਾ ਕਿ ਮੈਨੂੰ ਵੀ ਕੁੱਝ ਸੇਵਾ ਦੱਸੋ। ਸੰਗਤਾਂ ਨੇ ਕਿਹਾ ਇਹ ਟੋਕਰੀ ਚੱਕ ਲੈ। ਹੋਰ ਸੇਵਾ ਦੱਸੋ। ਸੰਗਤਾਂ ਨੇ ਕਿਹਾ ਦੋ ਟਕਰੀਆਂ ਚੱਕ ਲੈ। ਪਰ ਸਿੰਘ ਨੇ ਕਿਹਾ ਨਹੀਂ ਜੀ ਵੱਡੀ ਸੇਵਾ ਦੱਸੋ। ਅੱਗੋਂ ਸੰਗਤਾਂ ਨੇ ਜਵਾਬ ਦਿੱਤਾ, ਤਿੰਨ-ਚਾਰ-ਪੰਜ ਜਿੰਨੀਆਂ ਵੱਧ ਚੱਕ ਸਕਦਾ ਹੈ ਉਨੀਆਂ ਵੱਧ ਚੱਕ ਲੈ ਭਾਈ। ਪਰ ਪੈਸੇ ਦੇ ਗਰੂਰ ਵਿਚ ਮਸਤਿਆ ਉਹ ਸਿੱਖ ਅਗੋਂ ਕਹਿਣ ਲੱਗਾ ਕੋਈ ਕੰਮ ਦੀ ਸੇਵਾ ਦੱਸੋ। ਅੱਗੋਂ ਸੰਗਤਾਂ ਨੇ ਕਿਹਾ ਕਿ ਭਾਈ ਟੋਕਰੀ ਚੱਕਣੀ ਹੈ ਤਾਂ ਚੱਕ, ਇਥੇ ਤਾਂ ਸਭ ਤੋਂ ਵੱਡੀ ਸੇਵਾ ਇਹੀ ਹੈ।

* ਇਕ ਹੋਰ ਗੱਲ ਦੱਸਦਿਆਂ ਡਾਕਟਰ ਨੇਕੀ ਨੇ ਕਿਹਾ" ਅਸੀਂ ਕਾਲਜ ਵਿਚ ਪੜ੍ਹਦੇ ਸੀ। ਇਕ ਵਾਰੀ ਗੁਰਮਤਿ ਕੈਂਪ ਲਗਾਉਣ ਦਾ ਮਨ ਬਣਿਆ। ਕੈਂਪ ਲਈ ਪੈਸੇ ਦੀ ਲੋੜ ਸੀ, ਸੋ ਕਿਸੇ ਧਨਾਡ ਕੋਲ ਗਏ। ਉਸ ਨੇ 100/-ਰੁਪਏ ਦਿੱਤੇ। ਮੈਂ ਕਿਹਾ ਇੰਨੇ ਨਾਲ ਕੀ ਬਣੇਗਾ। ਫਿਰ ਮਨ ਆਇਆ ਕਿ ਧਨਾਡਾਂ ਕੋਲ ਮੰਗਣ ਦੀ ਬਜਾਏ ਕਿਉਂ ਨਾ ਵਾਹਿਗੁਰੂ ਕੋਲੋਂ ਮੰਗਿਆ ਜਾਵੇ। ਗੁਰਦੁਆਰਾ ਸਾਹਿਬ ਗਏ ਉਥੇ ਭਾਈ ਸਮੁੰਦ ਸਿੰਘ ਜੀ ਕੀਰਤਨ ਕਰ ਰਹੇ ਸਨ। ਸ਼੍ਰੋਮਣੀ ਕਮੇਟੀ ਦੇ ਸਾਬਕਾ ਸਕੱਤਰ ਸ: ਭਾਨ ਸਿੰਘ ਜੀ ਵੀ ਉਥੇ ਸਨ। ਸਕੱਤਰ ਜੀ ਪਾਸੋਂ ਦੋ ਮਿੰਟ ਦਾ ਸਮਾਂ ਲੈ ਕੇ ਮੈਂ ਸੰਗਤ ਸਾਹਮਣੇ ਅਪੀਲ ਕੀਤੀ- "ਸਾਧ ਸੰਗਤ ਜੀ, ਬਜ਼ੁਰਗਾਂ ਦੀ ਡਿਊਟੀ ਸੀ ਸਾਨੂੰ ਪੜ੍ਹਾਉਣ ਦੀ। ਓਹ ਸਾਨੂੰ ਪੜ੍ਹਾ ਨਹੀਂ ਰਹੇ, ਸੋ ਅਸੀਂ ਆਪ ਹੀ ਆਪਣੇ ਆਪ ਨੂੰ ਗੁਰਮਤਿ ਪੜ੍ਹਾਉਣ ਲਈ ਕੈਂਪ ਲਗਾ ਰਹੇ ਹਾਂ, ਸਾਡੀ ਮਦਦ ਕਰੋ।" ਉਸ ਵੇਲੇ ਭਾਈ ਸਮੁੰਦ ਸਿੰਘ ਜੀ ਨੇ ਆਈ ਭੇਟਾ ਦੇ 51/-ਰੁਪਏ ਅਤੇ 50/-ਰੁਪਏ ਆਪਣੇ ਕੋਲੋਂ ਪਾ ਕੇ 101/-ਰੁਪਏ ਸਾਨੂੰ ਦਿੱਤੇ।। ਨਾਲ ਹੀ ਸਾਰੀ ਸੰਗਤ ਨੇ ਮਾਇਆ ਦੀ ਵੱਡੀ ਸਾਰੀ ਢੇਰੀ ਲਗਾ ਦਿੱਤੀ। ਸੋ ਮੇਰਾ ਤਾਂ ਵਿਸ਼ਵਾਸ਼ ਪੱਕ ਗਿਆ ਕਿ ਜੋ ਵੀ ਮੰਗਣਾ ਹੈ ਵਾਹਿਗੁਰੂ ਤੋਂ ਮੰਗੋ, ਮਿਲ ਜਾਵੇਗਾ। ਮਨੁੱਖਾਂ ਤੋਂ ਮੰਗਣ ਨਾਲ ਨਿਰਾਸ਼ਾ ਮਿਲਦੀ ਹੈ ਵਾਹਿਗੁਰੂ ਤੋਂ ਮੰਗਿਆ ਸਭ ਕੁਝ ਮਿਲਦਾ ਹੈ।"

* ਇਕ ਹੋਰ ਗੱਲ ਸੁਣਾਂਦਿਆਂ ਡਾਕਟਰ ਨੇਕੀ ਨੇ ਕਿਹਾ ਕਿ ਦੇਸ਼ ਦੀ ਵੰਡ ਵੇਲੇ ਜਦੋਂ ਲਾਹੌਰ ਤੋਂ ਅੰਮ੍ਰਿਤਸਰ ਆਏ ਤਾਂ ਉਹਨਾਂ ਕੋਲ ਰੋਟੀ ਖਾਣ ਜੋਗੇ ਵੀ ਪੈਸੇ ਨਹੀਂ ਸਨ। ਕੋਈ ਪੁਰਾਣਾ ਵਾਕਫ ਮਿਲ ਗਿਆ ਜਿਸ ਦਾ ਆਪਣਾ ਢਾਬਾ ਸੀ। ਉਸ ਨੇ ਕਿਹਾ ਤੁਸੀਂ ਮੇਰੇ ਕੋਲ ਰੋਟੀ ਖਾ ਲਉ। ਜਦੋਂ ਪੈਸੇ ਹੋਣ ਦੇ ਦੇਣਾ। ਕੁਝ ਸਮਾਂ ਲੰਘ ਗਿਆ। ਕਾਲਜ ਵਿਚ ਪੜ੍ਹਨ ਲਈ ਕੋਲ ਫੀਸ ਨਹੀਂ ਸੀ। ਬੜਾ ਸੋਚੀਂ ਪਿਆ ਰਿਹਾ ਕਿ ਜੇ ਫੀਸ ਨਾ ਮਿਲੀ ਤਾਂ ਮੈਂ ਡਾਕਟਰ ਨਹੀਂ ਬਣ ਸਕਾਂਗਾ। ਇਕ ਬਜ਼ੁਰਗ ਮਿਲੇ, ਕਹਿੰਦੇ, ਮੈਂ ਬਾਹਰ ਚੱਲਿਆਂ ਹਾਂ ਇਹ ਮੇਰੇ ੨000/-ਰੁਪਏ ਆਪਣੇ ਕੋਲ ਰੱਖ ਲੈ। ਜਦੋਂ ਮੈਂ ਕੁਝ ਸਾਲਾਂ ਪਿਛੋਂ ਵਾਪਸ ਆਵਾਂਗਾ ਤਾਂ ਮੋੜ ਦੇਵੀਂ। ਮੈਂ ਕਿਹਾ ਮੇਰੇ ਕੋਲ ਖਰਚ ਹੋ ਜਾਣਗੇ। ਉਸ ਬਜ਼ੁਰਗ ਨੇ ਕਿਹਾ ਕੋਈ ਨਹੀਂ ਜਦੋਂ ਹੋਵੇ ਮੋੜ ਦੇਵੀਂ। ਮੈਂ ਫੀਸ ਜਮ੍ਹਾਂ ਕਰਵਾ ਦਿੱਤੀ। ਸਮੇਂ ਨਾਲ ਜਦੋਂ ਮੈ ਜੂਨੀਅਰ ਡਾਕਟਰ ਬਣਿਆਂ ਤਾਂ ਕੁਝ ਮਹੀਨਿਆਂ ਦੀ ਤਨਖਾਹ ਇੱਕਠੀ ਮਿਲੀ। ਮੈਂ ਸੋਚਿਆ ਅਜ ਇੱਕਠੇ ਪੈਸੇ ਮਿਲੇ ਹਨ ਕੁਝ ਖੁਸ਼ੀ ਮਨਾਵਾਂਗੇ, ਸਮਾਨ ਖਰੀਦਾਂਗੇ। ਪਰ ਕਾਲਜ ਤੋਂ ਬਾਹਰ ਨਿਕਲਿਆਂ ਤਾਂ ਉਹੀ ਬਜ਼ੁਰਗ ਮਿਲ ਪਏ ਅਤੇ ਮੈਂ ਉਨ੍ਹਾਂ ਦੇ ੨000/-

(ਬਾਕੀ ਪੰਨਾ ੨੦ ਤੇ ..)



www.AKJ.Org

# ਦੁਬਿਧਾ ਦੂਰ ਕਰਹੁ

(ਭਾਈ ਜੋਧ ਸਿੰਘ ਜੀ, ਦਿੱਲੀ)

*ਨੋਟ:- ਭਾਈ ਜੋਧ ਸਿੰਘ ਜੀ ਭਾ. ਸਾ. ਭਾ. ਰਣਧੀਰ ਸਿੰਘ ਜੀ ਦੇ ਅਤਿ ਨਿਕਟਵਰਤੀ ਅਖੰਡ ਕੀਰਤਨੀ ਜੱਥੇ ਦੇ ਕੁਝ ਪੁਰਾਤਨ ਸਿੰਘਾਂ ਵਿੱਚੋਂ ਹਨ ਜਿਨ੍ਹਾਂ ਨੇ ਭਾਈ ਸਾਹਿਬ ਦੇ ਸੰਗ ਸਾਥ ਰਹਿੰਦਿਆਂ ਅਤੇ ਉਨ੍ਹਾਂ ਤੋਂ ਬਾਅਦ ਵੀ ਨਾਮ ਰੰਗਾਂ ਦੇ ਭਿੱਜੇ ਅਦੁੱਤੀ ਅਖੰਡ ਕੀਰਤਨ ਸਮਾਗਮ ਦੇ ਉਹ ਅਨੰਦ ਮਾਣੇ ਹਨ ਜੋ ਕਥਨ ਤੋਂ ਬਾਹਰ ਹਨ। ਅਖੰਡ ਕੀਰਤਨੀ ਜੱਥੇ ਦੇ ਆਗੂਆਂ ਵਿਚ ਪਿਛਲੇ ਕਾਫੀ ਸਮੇਂ ਤੋਂ ਚੱਲ ਰਹੇ ਵਾਦ-ਵਿਵਾਦ ਤੋਂ ਉਪਜੀ ਬੇਰਸੀ ਦਾ ਦਰਦ ਮਹਿਸੂਸਦਿਆਂ ਆਪ ਜੀ ਨੇ ਭਾਈ ਬਲਬੀਰ ਸਿੰਘ ਜੀ ਨੂੰ ਜਨਵਰੀ ੧੯੯੭ ਵਿਚ ਇਕ ਚਿੱਠੀ ਲਿਖੀ ਜਿਸ ਵਿਚ ਉਹਨਾਂ ਨੇ ਭਾਈ ਸਾਹਿਬ ਨੂੰ ਜੱਥੇ ਦੀ ਦੁਬਿਧਾ ਦੂਰ ਕਰਨ ਲਈ ਕੁਝ ਸੁਝਾਅ ਭੇਜੇ ਹਨ। ਪਾਠਕਾਂ ਦੀ ਗਿਆਤ ਲਈ ਆਪ ਜੀ ਦੀ ਚਿੱਠੀ ਹੂ-ਬ-ਹੂ ਹੇਠਾਂ ਛਾਪੀ ਜਾ ਰਹੀ ਹੈ।* (ਸੰਪਾਦਕ)

ਵਾਹਿਗੁਰੂ ਜੀ ਕਾ ਖਾਲਸਾ ॥ਵਾਹਿਗੁਰੂ ਜੀ ਕੀ ਫਤਹਿ॥

ਪਰਮ ਸਤਿਕਾਰਯੋਗ, ਪਰਮ ਪਿਆਰੇ, ਗੁਰਮੁਖ ਭਾਈ ਸਾਹਿਬ ਜੀਓ,

ਦਾਸਰਾ ਆਪ ਜੀ ਦੀ ਸਿਹਤ ਨੂੰ ਮੁਖ ਰੱਖ ਕੇ ਖੇਚਲ ਦੇਣ ਤੋਂ ਸੰਕੋਚ ਕਰਦਾ ਰਿਹਾ, ਪਰ ਲੁਧਿਆਣੇ ਦੇ ਸਾਲਾਨਾ ਸਮਾਗਮ ਦੇ ਦੋ ਇਸ਼ਤਿਹਾਰ ਪੜ੍ਹਕੇ ਦਾਸਰਾ ਮਜ਼ਬੂਰੀ ਇਹ ਲੰਮੀ ਚਿੱਠੀ ਲਿਖ ਕੇ ਖੇਚਲ ਦੇ ਰਿਹਾ ਹੈ। ਦਾਸਰਾ ਇਸ ਖੇਚਲ ਦੀ ਮੁਆਫ਼ੀ ਦੋਇ ਹੱਥ ਜੋੜ ਕੇ ਮੰਗਦਾ ਹੈ ਜੀ।

ਆਪ ਜੀ ਜੱਥੇ ਦੀ ਅਣਥੱਕ ਸੇਵਾ ਕਰ ਰਹੇ ਹੋ ਇਸ ਲਈ ਦਾਸਰੇ ਨੂੰ ਇਸ ਵੇਲੇ ਆਪ ਜੀ ਤੋਂ ਬਿਨਾਂ ਇਸ ਮੌਕੇ ਨੂੰ ਸੰਭਾਲਣ ਵਾਲਾ ਹੋਰ ਕੋਈ ਨਜ਼ਰ ਨਹੀਂ ਆ ਰਿਹਾ। ਇਸ ਪੱਤਰ ਦੇ ਪੰਤਕਾ 1,੨,3 ਪੜ੍ਹਕੇ ਜਿਵੇਂ ਆਪ ਜੀ ਮੁਨਾਸਿਬ ਸਮਝੋਂ ਤਿਵੇਂ ਕਰਨਾਂ ਜੀ।

੨. ਸਨਿਮਰ ਬੇਨਤੀ ਇਸ ਤਰ੍ਹਾਂ ਹੈ ਜੀ ਕਿ ਦਿੱਲੀ ਦੇ ਸਮਾਗਮ ਤੋਂ ਪਹਿਲਾਂ ਭੀ ਦਾਸਰੇ ਨੇ ਭਾ: ਗੁਰਬਚਨ ਸਿੰਘ ਜੀ (ਤੇਲ ਵਾਲੇ) ਦਿੱਲੀ ਜੋ ਅਖੰਡ ਕੀਰਤਨੀ ਜੱਥਾ ਦਿੱਲੀ ਦੇ ਮੀਤ ਪ੍ਰਧਾਨ ਹਨ, ਨੂੰ ਇਕ ਪੱਤ੍ਰਕਾ ਲਿਖੀ ਸੀ ਅਤੇ ਬੇਨਤੀ ਕੀਤੀ ਸੀ ਕਿ ਕਿਸੇ ਤਰੀਕੇ ਨਾਲ ਜੱਥੇ ਅੰਦਰੋਂ ਦੁਬਿਧਾ ਦੂਰ ਕਰਵਾਈ ਜਾਏ, ਪਰ ਕੁਝ ਨਹੀਂ ਹੋਇਆ। ਆਪ ਜੀ ਨੂੰ ਭੀ ਇਹ ਬੇਨਤੀ ਹੈ। ਆਪ ਜੀ ਦਾ ਦਰਜਾ ਇਸ ਜੱਥੇ ਵਿਚ ਬਹੁਤ ਉਚਾ ਹੈ। ਆਪ ਜੀ ਨੇ ਜ਼ਰੂਰ ਕ੍ਰਿਪਾ ਕਰਨੀ ਜੀ।

3. ਭਾਈ ਸਾਹਿਬ ਜੀ ਨੇ ੧੯੦3 ਵਿਚ ਪਿੰਡ ਬਕਾਪੁਰ (ਜਲੰਧਰ) ਵਿਖੇ ਅੰਮ੍ਰਿਤ ਪਾਨ ਕੀਤਾ। ਉਸ ਪਿੰਡ ਦੇ ਮੁਸਲਮਾਨ (ਅਰਾਈਂ) ਦੇ ਨਾਲ ਬਾਟੇ ਦੀ ਸਾਂਝ ਕਰਨ ਲਈ ਕਈ ਅਭਿਲਾਖੀ ਕਤਰਾ ਗਏ, ਪਰ ਭਾਈ ਸਾਹਿਬ ਜੀ 'ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ' ਦੇ ਕਾਇਲ ਸਨ, ਇਸ ਲਈ ਉਹ ਗੁਰਭਾਈ ਬਣ ਗਏ। ਮੁਸਲਮਾਨ ਅਭਿਲਾਖੀ ਦਾ ਨਾਮ ਲਖਬੀਰ ਸਿੰਘ ਅਤੇ ਭਾਈ ਸਾਹਿਬ ਜੀ ਦਾ ਨਾਮ ਰਣਧੀਰ ਸਿੰਘ ਰੱਖਿਆ ਗਿਆ। ਗੁਰੂ ਘਰ ਵਿਚ ਜਨਮ ਲੈਣ ਤੋਂ ਪਹਿਲਾਂ ਉਨ੍ਹਾਂ ਦਾ ਨਾਮ ਬਸੰਤ ਸਿੰਘ ਸੀ। ਭਾਈ ਰਣਧੀਰ ਸਿੰਘ ਦੇ ਜਥੇ ਤੋਂ ਬਦਲ ਕੇ ਇਸ ਜਥੇ ਦਾ ਨਾਮ ਅਖੰਡ ਕੀਰਤਨੀ ਜਥਾ ਸਦਾ ਲਈ ਕਾਇਮ ਹੋ ਗਿਆ। ਭਾਈ ਸਾਹਿਬ ਜੀ ਨੇ ਅਖੰਡ ਪਾਠ ਅਤੇ ਅਖੰਡ ਕੀਰਤਨ ਦੀ ਗੁਫ਼ਾ ਵਿਚ ਆਪਣੇ ਮਨ-ਮੇਲੀ ਸਤਿਸੰਗੀਆਂ ਨਾਲ ਸਾਰੀ ਆਯੂ ਸਫਲ ਕੀਤੀ। ੧੯੦3 ਤੋਂ ੧੯੧4-15 ਤੱਕ ਜੇਲ੍ਹ ਯਾਤਰਾ ਤੋਂ ਪਹਿਲਾਂ, ੧੯੧5-੧੯3੧ ਤਾਂਈਂ ਜੇਲ੍ਹ ਯਾਤਰਾ ਦੇ ਸਮੇਂ ਅਤੇ ੧੯3੧ ਤੋਂ ੧੯6੧ ਤਾਂਈਂ ਜੇਲ੍ਹ ਯਾਤਰਾ ਤੋਂ ਬਾਅਦ, ਹਰਿ ਕੀਰਤਨ ਨੂੰ ਪ੍ਰਧਾਨ ਸਮਝਿਆ ਅਤੇ ਆਪ ਜਪਹਿ ਅਵਰਹ ਨਾਮ ਜਪਾਵੈ ਦੇ ਨਿਯਮ ਤੇ ਹੀ ਪਹਿਰਾ ਦਿੱਤਾ। ਸੰਸਾਰੀ ਅਹੁਦਿਆਂ, ਜਾਇਦਾਦਾਂ ਆਦਿ ਵੱਲ ਅੱਖ ਭਰਕੇ ਨਹੀਂ ਡਿੱਠਾ। ਐਬਟਾਬਾਦ ਤੋਂ ਆਉਂਦਿਆਂ ਨੂੰ ਅਖੰਡ ਪਾਠਾਂ ਦੇ ਪਰਵਾਹ ਚਲਾਵਣ ਦੀਆ ਅਸੀਸਾਂ ਪ੍ਰਾਪਤ ਹੋਈਆਂ। ਇਸ ਅਖੰਡ ਕੀਰਤਨ ਅਤੇ ਅਖੰਡ ਪਾਠਾਂ ਦੇ ਪਰਵਾਹ ਨੂੰ ਸਾਰੀ ਆਯੂ ਜਾਰੀ ਰੱਖਿਆ। ਇਹ ਪਰਵਾਹ; ਉਨ੍ਹਾਂ ਦੇ ਨਿਕਟ-ਵਰਤੀਆਂ ਨੇ, ਸਤਿ-ਸੰਗੀਆਂ ਨੇ ਜੇਲ੍ਹ ਯਾਤਰਾ ਸਮੇਂ ਭੀ ਜਾਰੀ ਰੱਖਿਆ ਅਤੇ ਉਨ੍ਹਾਂ ਦੇ ਸੱਚਖੰਡ ਪਧਾਰਨ ਤੋਂ ਮਗਰੋਂ ਭੀ ਇਹ ਲੜੀ ਚੜ੍ਹਦੀ ਕਲਾ ਵਿਚ ਜਾਰੀ ਰਹੀ। ਪਰ ੧੯੯3 ਦੇ ਅਖੀਰ ਤੋਂ, ਇਕ ਸਿਧਾਂਤਿਕ ਸਮਝੌਤੇ ਕਾਰਨ ਦੁਬਿਧਾ ਪੈਦਾ ਹੋ ਗਈ ਜਿਸ ਕਰਕੇ ਅਖੀਰ ਧੜੇਬਾਜ਼ੀ ਪੈਦਾ ਹੋ ਕੇ ਇਹ ਕੀਰਤਨ ਸਮਾਗਮਾਂ ਦੀ ਲੜੀ ਦੋ ਟੋਟੇ ਹੋ ਕੇ ਰਹਿ ਗਈ ਹੈ।


www.AKJ.Org

40-50 ਸਾਲ ਪਹਿਲਾਂ ਤੋਂ ਇਨ੍ਹਾਂ ਅਦੁੱਤੀ ਸਮਾਗਮਾਂ ਦੇ ਰੰਗ ਮਾਣਨ ਵਾਲੇ ਪੁਰਾਤਨ ਸਿੰਘ ਪਰਵਾਰ ਸਾਲਾਨਾ ਅਤੇ ਲੋਕਲ ਸਮਾਗਮਾਂ ਤੋਂ ਮੂੰਹ ਮੋੜ ਗਏ ਹਨ। ਇਸ ਲਈ ਜੋ ਨਿਸ਼ਕਾਮ ਧਰਮ ਪ੍ਰਚਾਰ ਇਹ ਜਥਾ ਕਰ ਰਿਹਾ ਸੀ, ਉਹ ਭੀ ਖੜ੍ਹਦੀ ਕਲਾ ਵਾਲਾ ਹੋ ਚੁੱਕਾ ਹੈ। ਜੇਕਰ ਇਸੇ ਤਰ੍ਹਾਂ ਪਾੜ ਵਧਦਾ ਗਿਆ ਜਿਵੇਂ ਵੈਸਾਖੀ ਨੂੰ ਅੰਮ੍ਰਿਤਸਰ ਵਿਚ ਦੋਹਾਂ ਧੜਿਆਂ ਵਲੋਂ ਅੱਡ ਅੱਡ ਅੰਮ੍ਰਿਤ ਸਮਾਗਮ, ਅੱਡ-ਅੱਡ ਕੀਰਤਨ ਸਮਾਗਮ; ਅੱਡ-ਅੱਡ ਰੈਣਿ ਸਬਾਈ ਕੀਰਤਨ। ਨਾਰੰਗਵਾਲ ਤੋਂ ਸੰਗਤਾਂ ਰੈਣਿ ਸਬਾਈ ਅਰੰਭ ਹੋਣ ਤੋਂ ਪਹਿਲਾਂ ਪੁਜ ਕੇ ਵੀ ਕੀਰਤਨ ਰੈਣ ਸਬਾਈ ਵਿਚ ਹਾਜ਼ਰੀਆਂ ਨਾ ਭਰ ਸਕੀਆਂ, ਕਿਉਂਕਿ ਦੋਹਾਂ ਧੜਿਆਂ ਦੀ ਸੁਲਾਹ ਨਾ ਹੋ ਸਕੀ। ਰੈਣਿ ਸਬਾਈ ਕੀਰਤਨ ਤਾਂ ਦੋਵੇਂ ਧੜੇ ਇਕ ਹੋ ਕੇ ਕਰ ਸਕਦੇ ਸਨ। ਇਹ ਸਭ ਕੁਝ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਨਾਮ ਨਾਲ ਸਬੰਧਤ ਅਖੰਡ ਕੀਰਤਨੀ ਜਥੇ ਲਈ ਸ਼ੋਭਨੀਕ ਅਤੇ ਲਾਭਦਾਇਕ ਨਹੀਂ। ਇਹ ਜਥਾ ਤਾਂ ਮਨ ਨੀਵਾਂ ਮਤਿ ਉਚੀ ਵਾਲੇ ਗੁਰੂ ਪਿਆਰਿਆਂ ਦਾ ਕਹਾਉਂਦਾ ਹੈ। ਇਸ ਦਾਸਰੇ ਨੂੰ ਦੁੱਖ ਹੈ।

5. ਵਾਹਿਗੁਰੂ ਦੀ ਕ੍ਰਿਪਾ ਨਾਲ ਦਾਸਰੇ ਨੂੰ ਭਾਈ ਸਾਹਿਬ ਜੀ ਦੀ ਉਚੀ ਸੁੱਚੀ ਸੰਗਤਿ ਪ੍ਰਾਪਤੀ ਕਾ ਮਾਣ ਹੈ। ਆਪ ਜੀ ਨੂੰ ਕੁਝ ਸਾਲ ਪਹਿਲਾਂ ਪੁਸਤਕ 'ਸੋਨ ਚਿੜੀ ਚੜ੍ਹੀ ਗੈਣਿ' ਦੇ ਖਰੜੇ ਵਿਚੋਂ 'ਪੰਚ ਪਰਵਾਣ ਪੰਚ ਪਰਧਾਨ' ਲੇਖ ਪੜ੍ਹ ਕੇ ਸੁਣਾਇਆ ਸੀ। ਇਸ ਵਿਚ ਬਾਰਾਂ ਸਾਲਾਂ ਦੀਆਂ ਹੱਡ ਬੀਤੀਆਂ ਅਤੇ ਕਈ ਹੋਰ ਗੁਰਮਤਿ ਲੇਖ ਲਿਖੇ ਹਨ, ਜੋ ਸਭ ਭਾਈ ਸਾਹਿਬ ਜੀ ਦੀਆਂ ਪੁਸਤਕਾਂ ਤੇ ਅਧਾਰਤ ਹਨ।

6. ਇਸ ਲਈ ਇਸ ਅਣਹੋਂਦੀ ਦੁਬਿਧਾ ਨੂੰ ਦੂਰ ਕਰਨ ਵਾਸਤੇ ਇਤਿਹਾਸਕ ਹਵਾਲੇ, ਭਾਈ ਸਾਹਿਬ ਜੀ ਦੀਆਂ ਰਚਨਾਵਾਂ ਵਿਚੋਂ ਹਵਾਲੇ, ਅਤੇ ਇਸ ਖਰੜੇ ਵਿਚੋਂ ਹਵਾਲੇ ਅੰਤਕਾ ਨੰ: ੧, ਅੰਤਕਾ ਨੰ: ੨ ਅਤੇ ਅੰਤਕਾ ਨੰ: ੩ ਵਿਚ ਦਰਜ ਕੀਤੇ ਹਨ।

7. ਇਨ੍ਹਾਂ ਹਵਾਲਿਆਂ ਦੇ ਆਧਾਰ ਤੇ ਜੋ ਤੱਤ ਨਿਕਲਦੇ ਹਨ, ਉਹ ਇਸ ਪ੍ਰਕਾਰ ਹਨ ਜੀ :

(ੳ) ਗੁਰੂ ਗੱਦੀ ਦੇ ਪਰਤੱਖ ਮਾਲਿਕ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਗੁਰੂ ਦੇ ਅਧਿਕਾਰਾਂ ਬਰਾਬਰ ਹੋਰ ਕਿਸੇ ਕੋਲ ਅਧਿਕਾਰ ਨਹੀਂ ਹਨ।

(ਅ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਧਿਕਾਰ ਪੰਜਾਂ ਪਿਆਰਿਆਂ ਦੇ ਅਧਿਕਾਰਾਂ ਤੋਂ ਉਪਰ ਹਨ।

(ੲ) ਪੰਜਾਂ ਪਿਆਰਿਆਂ ਦੇ ਅਧਿਕਾਰ, ਪੰਜਾਂ ਸਿੰਘਾਂ, ਪੰਚਾਇਣਾਂ ਅਤੇ ਆਮ ਸੰਗਤਿ ਤੋਂ ਉਪਰ ਹਨ

(ਸ) ਪੰਜਾਂ ਪਿਆਰਿਆਂ ਦੀ ਚੋਣ ਕਰਨ ਦਾ ਅਧਿਕਾਰ ਉਨ੍ਹਾਂ ਤਿਆਰ-ਬਰ-ਤਿਆਰ ਸੂਝਵਾਨ ਸਿੰਘਾਂ ਨੂੰ ਹੈ ਜਿਨ੍ਹਾਂ ਦੇ ਪਰਵਾਰ, ਬੱਚੇ-ਬੱਚੀਆਂ ਉਨ੍ਹਾਂ ਸਿੰਘਾਂ ਵਾਲੀ ਰਹਿਤ-ਬਹਿਤ, ਕਰਨੀ ਕਮਾਈ ਵਾਲੇ ਹੋਵਣ ਅਤੇ ਇਹ ਚੋਣ ਐਸੇ ਹੀ ਸਿੰਘਾਂ ਵਿਚੋਂ ਹੋ ਸਕਦੀ ਹੈ।

(ਹ) ਆਮ ਸੰਗਤਿ ਨੂੰ ਆਮ ਸੰਗਤਿ ਵਿਚੋਂ, ਖ਼ਾਸ ਰੂਪ ਸੰਗਤਿ (ਪੰਜ ਪਿਆਰੇ) ਚੁਣਨੇ ਦਾ ਅਧਿਕਾਰ ਨਹੀਂ ਹੈ।

(ਕ) ਬਹੁ-ਗਿਣਤੀ ਨੂੰ ਗੁਰਮਤਿ ਅੰਦਰ ਕੋਈ ਥਾਉਂ ਨਹੀਂ ਹੈ।

(ਖ) ਪੰਜਾਂ ਪਿਆਰਿਆਂ ਵਿਚ ਇਕ ਅੱਧ ਮਨ-ਮੇਲੀ ਨਾ ਹੋਣ ਕਰਕੇ ਜੇ ਕਿਧਰੇ ਅਸਹਿਮਤਾ ਹੋ ਹੀ ਜਾਵੇ ਤਾਂ ਤੁਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਅਰਦਾਸਾ ਸੋਧ ਕੇ ਐਸੀ ਅਸਹਿਮਤੀ ਨੂੰ ਦੂਰ ਕਰਨਾ ਭੀ ਤੁਰੰਤ ਹੁੰਦਾ ਰਿਹਾ।

(ਗ) ਬੁੱਢਾ ਦਲ ਤੇ ਤਰਨਾ ਦਲ ਸਾਂਝਾ ਭਾਈਚਾਰਾ ਸੀ। ਹਰ ਜਥੇਦਾਰ ਆਪਣੇ ਆਪਣੇ ਜਥੇ ਦਾ ਸੁਤੰਤਰ ਜਥੇਦਾਰ ਸੀ। ਪਰ ਵੱਡੇ ਖਤਰੇ ਸਮੇਂ ਸਭ ਜਥੇਦਾਰ ਮਿਲਕੇ ਆਪਣਾ ਮੁਖੀ ਜਥੇਦਾਰ ਚੁਣ ਲੈਂਦੇ ਸਨ। ਮੁਖੀ ਜਥੇਦਾਰ ਨੂੰ ਰਾਜਾ ਸਮਾਨ ਅਤੇ ਬਾਕੀ ਜਥੇਦਾਰਾਂ ਨੂੰ ਵਜ਼ੀਰਾਂ ਸਮਾਨ ਸਮਝਿਆ ਜਾਂਦਾ ਸੀ।

(ਘ) ਜਥੇਦਾਰਾਂ, ਸਰਦਾਰਾਂ ਅਤੇ ਫੌਜੀਆਂ ਦਾ ਮਿਸ਼ਨ ਇਕ ਸੀ, ਨਿਸ਼ਾਨਾ ਇਕ ਸੀ। ਲੰਗਰ ਜਾਂ ਕੜਾਕਾ ਸਭ ਲਈ ਇਕ ਬਰਾਬਰ ਸੀ।

(ਙ) ਜਥੇਦਾਰਾਂ ਦੇ ਇਸ਼ਾਰੇ ਤੇ ਤਰਨਾ-ਦਲ ਦੇ ਫੌਜੀ ਸਿੱਖ ਜਾਨਾਂ ਵਾਰ ਦਿੰਦੇ ਸਨ।

(ਚ) ਧਰਮ ਯੁੱਧ ਸਮੇਂ ਉਹ ਇਕ ਹੋ ਕੇ ਮੁਖੀ ਜਥੇਦਾਰ ਦੀ ਅਗਵਾਈ ਅਨੁਸਾਰ ਚਲਦੇ ਮਗਰ ਉਸਤੋਂ

ਬਾਅਦ ਉਹ ਆਪਣੇ ਆਪਣੇ ਜਥੇ ਦੇ ਜਥੇਦਾਰ ਅਧੀਨ ਰਹਿੰਦੇ ਸਨ।

(ਛ) ਤਨਖਾਹ ਦਾ ਕੋਈ ਸਿਸਟਮ ਨਹੀਂ ਸੀ। ਸਰਕਾਰੀ ਮਾਲ ਦੀ ਲੁੱਟ ਵਿਚੋਂ ਵੰਡ ਕੇ ਛਕਦੇ ਸਨ ਅਤੇ ਯੁਧ ਤੋਂ ਵਿਹਲੇ ਸਮੇਂ ਆਪਣੀ ਆਪਣੀ ਕ੍ਰਿਤਿ ਬ੍ਰਿਤਿ ਕਰਦੇ ਰਹਿੰਦੇ।

(ਜ) ਖਾਲਸਾ ਧਰਮ ਸਭ ਧਰਮਾਂ ਤੋਂ ਸ੍ਰੇਸ਼ਟ ਧਰਮ ਹੈ। ਕਿਸੇ ਵੀ ਮਾਨਵ ਜਾਤਿ ਨਾਲ ਦ੍ਵੈਸ਼, ਨਫ਼ਰਤ ਆਦਿ ਕਰਨਾ ਬਿਬਰਜਿਤ ਹੈ।

(ਝ) ਸਿਖ ਦਾ ਆਪਣਾ ਆਚਾਰ ਤੇ ਕਾਰ ਬਿਉਹਾਰ ਇਤਨਾ ਉਚਾ ਸੁੱਚਾ ਹੋਣਾ ਚਾਹੀਦਾ ਹੈ ਕਿ ਉਸ ਦੇ ਆਚਾਰ ਅਤੇ ਕਾਰ ਬਿਉਹਾਰ ਨੂੰ ਦੇਖ ਕੇ ਹੋਰਨਾਂ ਦੇ ਮਨਾਂ ਵਿਚ ਚਾਉ ਚੜ੍ਹੇ ਕਿ ਅਸੀਂ ਭੀ ਉਸ ਜੈਸੇ ਸਿਖ ਬਣ ਜਾਈਏ।

8. ਅਖੰਡ ਕੀਰਤਨੀ ਜਥਾ ਖਾਲਸਾ ਪੰਥ ਦਾ ਅੰਗ ਹੈ। ਖਾਲਸਾ ਪੰਥ ਗੁਰੂ ਨਾਨਕ ਦਾ ਚਲਾਇਆ ਪੰਥ ਹੈ ਜਿਸਦੀਆਂ ਜੜ੍ਹਾਂ ਹਨ ਪਾਤਾਲ ਤੋਂ ਪਰ੍ਹਾਂ। ਇਸਨੂੰ ਕੋਈ ਖ਼ਤਮ ਨਹੀਂ ਕਰ ਸਕਦਾ। ਇਸ ਲਈ ਗੁਰਮਤਿ ਅਨੁਸਾਰ ਚਲਕੇ ਹੀ ਇਸ ਅਣਹੋਂਦੀ ਦੁਬਿਧਾ ਨੂੰ ਮਿਟਾਇਆ ਜਾ ਸਕਦਾ ਹੈ।

੭. ਅੰਤਕਾ 1, ੨ ਅਤੇ 3 ਦੇ ਆਧਾਰ ਤੇ ਕੂਕਰ ਦੀ ਅਰਦਾਸ ਹੈ, ਜੋਦੜੀ ਹੈ, ਤਰਲਾ ਹੈ ਕਿ ਦੋਵੇਂ ਧੜੇ ਧਰਮ ਪ੍ਰਚਾਰ ਅਤੇ ਏਕਤਾ ਨੂੰ ਮੁਖ ਰਖਕੇ ਇਸ ਦੁਬਿਧਾ ਨੂੰ ਦੂਰ ਕਰਨ ਦੀ ਕ੍ਰਿਪਾ ਕਰਨ। ਦਾਸਰੇ ਦੇ ਸੁਝਾਉ ਇਸ ਪ੍ਰਕਾਰ ਹਨ:-

(ੳ) ਪੰਜਾਂ ਪਿਆਰਿਆਂ ਦੀ ਚੋਣ ਗੁਰਮਤਿ ਅਨੁਸਾਰ, ਜਿਸ ਬਿਧਿ ਉੱਪਰ ਲਿਖਿਆ ਗਿਆ ਹੈ ਉਸੇ ਤਰ੍ਹਾਂ ਕਰਾਈ ਜਾਵੇ। ਭਾਵ ਪੰਜ ਪਿਆਰੇ ਚੁਣਨੇ ਵਾਲੇ ਅਤੇ ਜੁੱਟ ਜਾਣ ਵਾਲੇ ਗੁਰੂ ਕੇ ਲਾਲ ਹੋਵਣ ਜੋ ਪਰਵਾਰਾਂ ਸਮੇਤ ਉੱਚੀ ਮਤਿ ਅਤੇ ਮਨ ਦੇ ਨੀਵੇਂ ਹੋਵਣ। ਅੰਤਕਾ 1,੨,3 ਵਿੱਚ ਦੱਸੀਆਂ ਵਿਸ਼ੇਸ਼ਤਾਵਾਂ ਵਾਲੇ ਹੋਵਣ। ਅਖੰਡ ਪਾਠੀ, ਅਖੰਡ ਕੀਰਤਨੀ ਹੋਵਣ (ਦੇਖੋ ਪੰਜ ਪਿਆਰੇ-ਪੁਸਤਕ ਜੋਤਿ ਵਿਗਾਸ)

(ਅ) ਇੰਨ੍ਹਾਂ ਪੰਜਾਂ ਪਿਆਰਿਆਂ ਦੀ ਚੋਣ ਕਰਨ ਲਈ ਪੰਚਾਇਣ ਦੇ ਹਮਾਇਤੀ ਧੜੇ ਵਲੋਂ 10 ਸਿਘ ਜੋ ਉਪਰ ਦੱਸੀ ਪੰਜਾਂ ਪਿਆਰਿਆਂ ਦੀ ਸੁਰਤੀ ਵਿਰਤੀ ਵਾਲੇ ਹੋਵਣ ਅਤੇ 10 ਸਿੰਘ ਜੋ ਪ੍ਰਬੰਧਕੀ ਪੰਚਾਇਣ ਦੇ ਹਮਾਇਤੀ ਨਾ ਹੋਵਣ, ਸੰਗਤ ਵਲੋਂ ਚੁਣੇ ਜਾਣ। ਉਹ ੨੦ ਸਿੰਘ ਆਪਣੇ ਵਿਚੋਂ ਨਿਰਪੱਖ ਅਤੇ ਨਿਰਲੇ ਪ ਪੰਜ ਪਿਆਰੇ ਚੁਣ ਲੈਣ। ਭਾਵ ਇਹ ੨੦ ਸਿੰਘ ਪੰਜਾਂ ਪਿਆਰਿਆਂ ਦੀ ਚੋਣ ਕਰ ਲੈਣ,

(ੲ) ਇਹ ਪੰਚ ਪਰਵਾਣ ਪੰਚ ਪਰਧਾਨ, ਪੰਜ ਪਿਆਰਿਆਂ ਵਲੋਂ ਜਥੇ ਦੀਆਂ ਆਮ ਸੰਗਤਾਂ ਨੂੰ ਯੋਗ ਤਰੀਕੇ ਨਾਲ 15-੨0 ਦਿਨ ਦੀ ਸੂਚਨਾ ਭੇਜੀ ਜਾਵੇ ਤਾਂਕਿ ਦੁਬਿਧਾ ਨੂੰ ਦੂਰ ਕਰਨੇ ਵਾਲੇ ਸੱਜਣ ਆਪਣਾ ਨਾਮ ਪਤਾ ਭੇਜ ਸਕਨ।

(ਸ) ਜੋ ਸੱਜਣ ਨਾਮ ਪਤਾ ਭੇਜਣ ਉਨ੍ਹਾਂ ਨੂੰ 15-੨0 ਦਿਨ ਦਾ ਨੋਟਿਸ ਦੇ ਕੇ ਪ੍ਰੋਗਰਾਮ ਅਨੁਸਾਰ ਹਾਜਰ ਹੋਣ ਦੀ ਸੂਚਨਾ ਭੇਜੀ ਜਾਵੇ।

(ਹ) ਸੱਚੇ ਦਰਬਾਰ ਵਿੱਚ ਹਾਜ਼ਰ ਹੋਏ ਸੱਜਣਾ ਦੀ ਸੁਣਵਾਈ ਤੋਂ ਬਾਅਦ ਪੰਜ ਪਿਆਰੇ ਸਾਹਿਬਾਨ ਹੇਠ ਲਿਖ। ਵਿਸ਼ਿਆਂ ਨੂੰ ਵਿਚਾਰ ਕੇ ਆਪਣਾ ਅਟੱਲ ਫੈਸਲਾ ਦੇਣ ਦੀ ਕ੍ਰਿਪਾ ਕਰਨ ਜੀ। ਜਾਂ ਜਿਵੇਂ ਪੰਜ ਪਿਆਰੇ ਯੋਗ ਸਮਝਣ।

(1) ਸਮੁੱਚੇ ਅਖੰਡ ਕੀਰਤਨੀ ਜੱਥੇ ਲਈ ਕੋਡ ਆਫ ਕੰਡਕਟ

(੨) ਅੱਗੇ ਨੂੰ ਪੰਜਾਂ ਪਿਆਰਿਆਂ ਦੀ ਚੋਣ, ਅੰਮ੍ਰਿਤ ਸਮਾਗਮ ਦੀ ਵਿਧੀ

(3) ਪੰਜਾਂ ਪਿਆਰਿਆਂ, ਜਥੇਦਾਰਾਂ, ਪ੍ਰਬੰਧਕੀ ਪੰਚਾਇਣਾ ਅਤੇ ਆਮ ਸੰਗਤਿ ਦੇ ਅਧਿਕਾਰ ਅਤੇ ਜ਼ਰੂਰੀ ਨਿਯਮ

(4) ਗੁਰੂ ਦੀ ਗੋਲਕ ਅਤੇ ਫੁਟਕਲ ਫੰਡ ਦੀ ਯੋਗ ਵਰਤੋਂ

(5) ਦੇਸ਼ ਅਤੇ ਪ੍ਰਦੇਸੀ ਸਿੰਘ ਲਈ ਲਾਜਮੀ ਨਿਯਮ ਖਾਸ ਕਰਕੇ, ਅਖੰਡ ਕੀਰਤਨ ਅਤੇ ਅਖੰਡ ਪਾਠਾਂ ਲਈ ਮਾਇਆ ਭੇਟ ਕਰਨ ਵਾਲੇ ਨਿਯਮ


www.AKJ.Org

(6) ਗਾਤਰੇ ਕ੍ਰਿਪਾਨ ਦੀ ਕੁਰਹਿਤ ਜੋ ਪ੍ਰਦੇਸ ਆਵਣ ਜਾਵਣ ਵਾਲੇ ਸਿੰਘ ਪ੍ਰੀਵਾਰ ਕਰ ਰਹੇ ਹਨ।
(7) ਲੋਕਤੰਤਰ ਤੋਂ ਬਿਨਾ ਲੋਕਤੰਤਰ ਜੈਸਾ ਪ੍ਰਬੰਧ ਕਰਨ ਲਈ ਨਿਯਮ
(8) ਸੂਰਾ ਪੱਤਰ ਦੇ ਚਲਾਵਣ ਲਈ ਯੋਗ ਪ੍ਰਬੰਧ ਅਤੇ ਨਿਰੋਲ ਗੁਰਮਤਿ ਲੇਖ ਜੋ ਭਾਈ ਸਾਹਿਬ ਜੀ ਦੀਆਂ ਰਚਨਾਵਾਂ ਤੇ ਅਧਾਰਤ ਹੋਵਣ। ਆਮ ਰਸਾਲਿਆਂ ਵਾਂਗ ਨਾ ਹੋਵਣ।
(੯) ਸਿਆਸਤ ਰਹਿਤ ਨਿਰੋਲ ਗੁਰਮਤਿ ਤੇ ਚਲਣ ਲਈ ਨਿਯਮ
(10) ਸਾਲਾਨਾ ਸਮਾਗਮਾਂ ਦੀ ਵੰਡ ਅਤੇ ਨਿਯਮ
(11) ਗੁਰੂ ਦੇ ਲੰਗਰ ਦੇ ਨਿਯਮ
(੧੨) ਹੋਰ ਵਿਸ਼ੇ ਜੋ ਪੇਸ਼ੀਆਂ ਸਮੇਂ ਸਾਹਮਣੇ ਆਵਣ।
(10) ਇਸ ਤਰਾਂ ਗੁਰੂ ਰੂਪ ਪੰਜਾਂ ਪਿਆਰਿਆਂ ਦੇ ਪੱਧਰ ਤੇ ਫੈਸਲੇ ਜਦੋਂ ਪ੍ਰਕਾਸ਼ਤ ਹੋ ਜਾਣਗੇ ਤਾਂ ਦੁਬਿਧਾ ਜਾਂ ਦੁਬਿਧਾ ਦੇ ਕਾਰਨ ਭੀ ਖਤਮ ਹੋ ਜਾਣਗੇ। ਕਿਉਂਕਿ ਜਦੋਂ ਪੰਜਾਂ ਸਿੰਘਾਂ ਨੂੰ, ਜਥੇਦਾਰਾਂ ਨੂੰ ਜਾਂ ਪੰਚਾਇਣਾਂ ਨੂੰ ਪਤਾ ਚਲ ਜਾਏਗਾ ਕਿ ਕਿਸੇ ਜੱਥੇ ਨਾਲ ਸੰਧੀ ਕਰਨ ਦਾ (ਸਮੂਹ ਅਖੰਡ ਕੀਰਤਨੀ ਜਥੇ ਵਲੋਂ) ਕਿਸ ਨੂੰ ਹਕ ਹੈ, ਪੰਜਾਂ ਸਿੰਘਾਂ ਦੇ ਅਤੇ ਪੰਚਾਇਣਾਂ ਦੇ ਕੀ ਅਧਿਕਾਰ ਹਨ, ਪ੍ਰਬੰਧਕੀ ਪੰਚਾਇਣ ਦੇ ਕੀ ਹੱਕ ਹਨ, ਤਾਂ ਸੰਗਤਿ ਨੂੰ ਜਾਗ੍ਰਿਤੀ ਹੋ ਜਾਵੇਗੀ। ਸੰਗਤਿ ਅੰਧੇਰੇ ਵਿੱਚ ਨਹੀਂ ਰਹੇਗੀ ਅਤੇ ਸਭ ਨੂੰ ਮਨ ਮਰਜ਼ੀ ਕਰਨ ਤੋਂ ਰੋਕ ਸਕੇਗੀ।
(11) ਇਸ ਲਈ ਫੇਰ ਤਰਲਾ ਹੈ ਕਿ ਪੰਜਾਂ ਪਿਆਰਿਆਂ ਦੀ ਚੋਣ ਯੋਗ ਤਰੀਕੇ ਨਾਲ ਕਰਵਾ ਕੇ ਇਹ ਬੇੜੇ ਬੰਨੇ ਲਾਉਣ ਦੀ ਕ੍ਰਿਪਾ ਕਰੋ ਜੀ।
ਸਮੂਹ ਭੁਲਾਂ ਚੁੱਕਾਂ ਦੀ ਖਿਮਾ ਮੰਗਦਾ ਹੋਇਆ, ਸੰਗਤਾਂ ਦੇ ਕੂਕਰਾਂ ਦਾ ਕੂਕਰ। — ਜੋਧ ਸਿੰਘ
ਨੋਟ:- ਉਪਰ ਜ਼ਿਕਰ ਵਿਚ ਆਏ ਅੰਤਕਾ 1, ੨,ਅਤੇ 3 ਦੇ ਹਵਾਲੇ ਅਗੇ ਅੰਕ ਵਿਚ ਪੜ੍ਹੋ ਜੀ)

(ਪੰਨਾ ੧੬ ਦਾ ਬਾਕੀ ...)
ਰੁਪਏ ਮੋੜ ਦਿੱਤੇ। ਅੱਜ ਮੈਂ ਸੋਚਦਾ ਹਾਂ ਕਿ ਉਸ ਬਜ਼ੁਰਗ ਦੇ ਰੂਪ ਵਿਚ ਗੁਰੂ ਨੇ ਹੀ ਮੇਰੀ ਮਦਦ ਕੀਤੀ। ਮੇਰੇ ਵੱਡੇ ਵਡੇਰੇ ਕਿਹਾ ਕਰਦੇ ਸਨ ਮੰਗਤਿਆਂ ਤੋਂ ਕਦੇ ਨਾ ਮੰਗੀਂ ਸਦਾ ਵਾਹਿਗੁਰੂ ਤੋਂ ਹੀ ਮੰਗੀ।

* ਜਿਸ ਦੀ ਖਾਲਸਾ ਸਕੂਲ ਵਿੱਚ ਪੜ੍ਹਦਿਆਂ ਸਿੱਖੀ ਦੀ ਨੀਂਹ ਪੱਕੀ ਹੋ ਜਾਵੇ ਫਿਰ ਭਾਵੇਂ ਉਹ ਇਸਾਈ ਵਿਚ ਦਾਖਲਾ ਲੈ ਲਵੇ, ਉਹ ਸਿੱਖੀ ਦਾ ਚਾਨਣ ਖਲੇਰਦਾ ਹੀ ਰਹੇਗਾ।

* ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੋਂ ਬਾਅਦ ਲਗਭਗ **80** ਫੀਸਦੀ ਸਿੱਖ ਪਤਿਤ ਹੋ ਗਏ ਸਨ। ਪਰ ਕਹਿੰਦੇ ੨੦ ਫੀਸਦੀ ਦੇ ਸਦਕਾ ਅਸੀਂ ਅੱਜ ਫਿਰ ਸੰਸਾਰ ਭਰ ਵਿਚ ਫੈਲੀ ਕੌਮ ਬਣ ਗਏ ਹਾਂ। ਕਦੇ ਢੰਡੋਰਾ ਫਿਰਿਆ ਸੀ ਕਿ ਸਾਰੇ ਸਿੱਖ ਮਾਰੇ ਜਾ ਚੁੱਕੇ ਹਨ। ਉਦੋਂ ਵੀ ੨ ਸਿੱਖਾਂ ਨੇ ਆਪਣੀ ਹੋਂਦ ਦਾ ਸਬੂਤ ਦੇ ਦਿੱਤਾ ਸੀ। ਅਸੀਂ ਤਾਂ ਕੇਵਲ ਇਕੋ ਸਰਕਾਰ ਦੇ ਥੱਲੇ ਹਾਂ। ਸਾਨੂੰ ਆਪਣੀ ਹੋਂਦ ਦਾ ਫਿਕਰ ਨਹੀਂ ਸਗੋਂ ਸਾਨੂੰ ਤਾਂ ਇਹ ਫਿਕਰ ਹੈ ਕਿ ਆਪਣੀ ਛੋਟੀ ਜਿਹੀ ਜਿੰਦੜੀ ਵਿਚ ਉਹ ਕਾਰਜ ਕਰ ਲਈਏ ਕਿ ਵਾਹਿਗੁਰੂ ਦੀ ਨਦਰ ਸੱਵਲੀ ਹੋ ਜਾਵੇ।

ਜੀਅ ਕਰਦਾ ਹੈ ਕਿ ਗੁਰੂ ਪਾਤਸ਼ਾਹ, ਵੱਧ ਤੋਂ ਵੱਧ ਸਮਾਂ ਪ੍ਰਦਾਨ ਕਰੇ ਕਿ ਡਾ: ਜਸਵੰਤ ਸਿੰਘ ਨੇਕੀ ਜੀ ਦੇ ਨਾਲ ਵੱਧ ਤੋਂ ਵੱਧ ਸੰਗਤ ਕਰ ਸਕੀਏ। ਹਰ ਗੁਰਸਿੱਖ ਦਾ ਨਿਸ਼ਾਨਾ ਹੋਵੇ ਕਿ ਉਹ ਆਪਣੇ ਖੇਤਰ ਵਿਚ ਨਾਮਣਾ ਖੱਟੇ ਅਤੇ ਗੁਰਸਿੱਖੀ ਵਿਚ ਵੀ ਪਰਪੱਕ ਰਹੇ। ———

ਲੇਖ ਲੜੀ 'ਲਹੂ ਵਿਚ ਡੁੱਬੇ ਸੱਤ ਦਿਹਾੜੇ' ਬਾਰੇ

ਕੈਪਟਨ ਸਵਰਨ ਸਿੰਘ ਜੀ ਦੀ ਲਿਖਤ ਉਪ੍ਰੰਤ ਲੇਖ ਲੜੀ ਦੀ ਅਗਲੀ ਕਿਸ਼ਤ ਕੈਪਟਨ ਸਾਹਿਬ ਦੀ ਸਿਹਤ ਢਿੱਲੀ ਹੋਣ ਕਰਕੇ ਇਸ ਵਾਰੀ ਨਹੀਂ ਪਹੁੰਚ ਸਕੀ। ਜਦੋਂ ਵੀ ਇਹ ਕਿਸ਼ਤ ਪੁਹੰਚੇਗੀ ਪਾਠਕਾਂ ਦੀ ਸੇਵਾ ਵਿਚ ਹਾਜ਼ਰ ਕਰ ਦਿੱਤੀ ਜਾਵੇਗੀ। ਸਤਿਗੁਰੂ ਕ੍ਰਿਪਾ ਕਰਨ ਕੈਪਟਨ ਸਾਹਿਬ ਨੂੰ ਜਲਦੀ ਤੋਂ ਜਲਦੀ ਸਿਹਤਯਾਬੀਆਂ ਬਖਸ਼ਣ ਤਾਂ ਉਹ ਇਤਿਹਾਸ ਰਾਹੀਂ ਸੰਗਤਾਂ ਦੀ ਸੇਵਾ ਕਰ ਸਕਣ। (ਸੰਪਾਦਕ)


www.AKJ.Org

# ਖਾਲਸਾ ਜੀ ਦੀ ਮਰਯਾਦਾ
(ਸ੍ਵੈ ਪੜਚੋਲ)
(ਬ੍ਰਿਜਇੰਦਰ ਸਿੰਘ ਚੰਡੀਗੜ੍ਹ)

*ਨੋਟ:- ਭਾਈ ਬ੍ਰਿਜਇੰਦਰ ਸਿੰਘ ਜੀ ਵੱਲੋਂ ਅਜੋਕੇ ਅਖੰਡ ਕੀਰਤਨੀ ਜੱਥੇ ਦੇ ਸਮਾਗਮਾ ਵਿਚ ਪੁਰਾਤਨ ਸਮੇਂ ਨਾਲੋਂ ਵਰਤਾਈਆਂ ਜਾ ਰਹੀਆਂ ਢਿੱਲਾਂ ਸੰਬੰਧੀ ਭਾਈ ਹਰਚਰਨ ਸਿੰਘ ਚੰਡੀਗੜ੍ਹ ਅਤੇ ਭਾਈ ਬਲਬੀਰ ਸਿੰਘ ਜੀ ਲੁਧਿਆਣਾ ਨੂੰ 30.8.99 ਨੂੰ ਲਿਖਿਆ ਗਿਆ ਪੱਤਰ ਪਾਠਕਾਂ ਦੇ ਲਾਭ ਹਿਤ ਹੇਠਾਂ ਛਾਪਿਆ ਜਾ ਰਿਹਾ ਹੈ।* (ਸੰਪਾਦਕ)

ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਆਪਣੇ ਜੀਵਨ-ਕਾਲ ਸਮੇਂ ਅਖੰਡ ਕੀਰਤਨੀ ਰਬੇ ਦੀ ਫੁਲਵਾੜੀ ਨੂੰ ਸੰਗਤਾਂ ਵਿਚ ਕੀਰਤਨ ਪ੍ਰਵਾਹ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਅਖੰਡਪਾਠਾਂ ਅਤੇ ਅੰਮ੍ਰਿਤ ਸੰਚਾਰ ਰਾਹੀਂ ਸਿੰਚਿਆ। ਵੀਹਵੀਂ ਸਦੀ ਦੇ ਅਰੰਭ ਵਿਚ ਗੁਰਬਾਣੀ ਕੀਰਤਨ ਵਿਚ ਬਾਹਰਲੀਆ ਧਾਰਨਾ ਦੀ ਟੇਕ ਲੈ ਲੈਣ ਦੀ ਪ੍ਰਪਾਟੀ ਪ੍ਰਚਲਤ ਸੀ ਜੋ ਗੁਰਬਾਣੀ ਦੇ ਸ਼ਰਧਾਲੂਆਂ ਨੂੰ ਰੜਕਦੀ ਸੀ। ਭਾਈ ਸਾਹਿਬ ਦੀ ਭਰਪੂਰ ਘਾਲਣਾ ਸਦਕਾ ਨਿਰੋਲ ਗੁਰਬਾਣੀ ਕੀਰਤਨ ਦੀ ਦਾਤ ਸਿਖ ਸੰਗਤਾ ਦੀ ਝੋਲੀ ਪਈ ਜੋ ਹੁਣ ਤਕ ਸੰਭਾਲੀ ਪਈ ਹੈ।

ਅਖੰਡ ਕੀਰਤਨੀ ਜਥੇ ਦੇ ਇਸ ਪ੍ਰਵਾਰ ਲਈ ਕੁਝ ਹੇਠ ਲਿਖੀਆਂ ਵਿਸ਼ੇਸ਼ਤਾਈਆ ਉਨ੍ਹਾਂ ਉਲੀਕਣ ਦਾ ਜਤਨ ਕੀਤਾ :

1. ਜਥੇ ਦੇ ਸਾਰੇ ਸਿੰਘ ਸਿੰਘਣੀਆਂ ਖ਼ਾਲਸਾ ਰਹਿਤ-ਬਹਿਤ ਵਿਚ ਤਿਆਰ-ਬਰ-ਤਿਆਰ ਹੋ ਕੇ ਪੰਥ ਵਿਚ ਵਿਚਰਨ।
੨. ਇਹ ਧਰਮ ਦੀ ਕਿਰਤ-ਵਿਰਤ ਕਰ ਕੇ ਜੀਵਨ-ਨਿਰਬਾਹ ਕਰਨ ਅਤੇ ਦਸਾਂ ਨਹੁੰਆਂ ਦੀ ਕਿਰਤ ਵਿਚੋਂ ਧਰਮ ਕਾਰਜਾਂ ਲਈ ਯਥਾ-ਸ਼ਕਤ ਦਸਵੰਧ ਕੱਢਣ।
3. ਗੁਰਬਾਣੀ ਕੀਰਤਨ ਇਨ੍ਹਾਂ ਦੀ ਉਪਜੀਵਕਾ ਦਾ ਸਾਧਨ ਨਾ ਬਣੇ ਸਗੋਂ ਆਤਮ-ਤ੍ਰਿਪਤੀ ਅਤੇ ਪੰਥ-ਸੇਵਾ ਦਾ ਸਾਧਨ ਬਣੇ।

ਇਨ੍ਹਾਂ ਵਿਸ਼ੇਸ਼ਤਾਈਆਂ ਤੋਂ ਬਿਨਾਂ ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਇਸ ਜਥੇਬੰਦੀ ਲਈ ਕੁਝ ਨਿਸ਼ਾਨੇ ਵੀ ਮਿਥੇ ਸਨ

1. ਸਿਖ ਸੰਗਤਾਂ ਨੂੰ ਨਾਮ ਬਾਣੀ ਦੇ ਅਖੰਡ ਕੀਰਤਨ ਦੁਆਰਾ ਅਕਾਲ ਪੁਰਖ ਨਾਲ ਜੋੜਨਾ।
੨. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ ਤੇ ਸ੍ਰੀ ਅਖੰਡਪਾਠ ਦੁਆਰਾ ਗੁਰਬਾਣੀ ਦਾ ਪ੍ਰਚਾਰ ਕਰਨਾ।
3. ਅੰਮ੍ਰਿਤ-ਸੰਚਾਰ ਰਾਹੀਂ ਸਿਖ ਸੰਗਤਾਂ ਨੂੰ ਗੁਰਮਤਿ ਰਹਿਤ-ਰਹਿਣੀ ਵਿਚ ਪ੍ਰਪੱਕ ਕਰਨਾ।

1 ਖਾਲਸਾ ਜੀ ਦੀ ਮਰਯਾਦਾ ਬਾਰੇ, ਭਾ: ਸਾਹਿਬ ਰਣਧੀਰ ਸਿੰਘ ਜੀ ਆਪਣੀ ਪੁਸਤਕ-ਰੰਗਲੇ ਸੱਜਣ ਵਿਚ ਲਿਖਦੇ ਹਨ :

(ੳ) ਪੰਨਾ ੧੧੪. "ਜੱਥੇ ਦੀ ਪੱਕੀ ਮਰਯਾਦਾ ਮੁਢ ਤੋਂ ਹੀ ਚਲੀ ਆ ਰਹੀ ਸੀ ਕਿ ਅੰਮ੍ਰਿਤ ਛਕਣ ਤੇ ਵਪਾਰੀਆਂ ਨੂੰ, ਮੁਢ ਤੋਂ ਅੰਤ ਤਾਈਂ ਸਾਰਾ ਅਖੰਡ ਪਾਠ ਸੁਣਨ ਲਈ ਤਤਪਰ ਹੋਣਾ ਪੈਂਦਾ ਸੀ।"

ਤਤਪਰ ਦਾ ਅਰਥ ਹੈ- ਕੰਮ ਕਰਨ ਲਈ ਤਿਆਰ, to be prepared, to get ready. ਜੋ ਤਿਆਰੀ ਅੰਮ੍ਰਿਤ ਅਭਿਲਾਖੀ ਕਰਦੇ ਸਨ, ਉਸ ਦਾ ਅੰਦਾਜ਼ਾ ਆਸਾਨੀ ਨਾਲ ਲਗਾਇਆ ਜਾ ਸਕਦਾ ਹੈ। ਸਾਰਾ ਅਖੰਡ ਪਾਠ ਉਹ ਸੁਣ ਸਕਦਾ ਹੈ ਜਿਸ ਨੇ ਸਮਗਰ ਬਾਣੀ ਦੇ ਪਾਠ ਦਾ ਤਕੜਾ ਅਭਿਆਸ ਕੀਤਾ ਹੋਵੇ।

(ਅ) ਪੰਨਾ ੧੩੧. "ਅੰਮ੍ਰਿਤ ਅਭਿਲਾਖੀ ਜਨ ਤਾਂ ਐਸੇ ਉਮਾਹੇ ਉਮਡਾਏ ਹੋਏ ਸਨ, ਕਿ ਮੁਢ ਤੋਂ ਸਮਾਧ ਸਥਿਤ ਜੁੜ ਕੇ ਡਟ ਗਏ ਅਤੇ ਫੇਰ ਉਠੇ ਹੀ ਨਹੀਂ, ਅਖੰਡ ਪਾਠ ਸਮਾਪਤ ਹੋਣ ਪਰ ਅਖੰਡ ਕੀਰਤਨ ਅਰੰਭ ਹੋ ਗਿਆ ਅਤੇ ਅਖੰਡ ਕੀਰਤਨ ਦੇ ਭੋਗ ਦੀ ਸਮਾਪਤੀ ਪਰ ਉਸ ਮੰਡਲ ਅੰਦਰ ਪੰਜੇ ਅਖੰਡ ਪਾਠੀ, ਪੰਜੇ ਪਿਆਰੇ ਅਤੇ ਅੰਮ੍ਰਿਤ ਅਭਿਲਾਖੀ ਜਨ ਹੀ ਰਹਿ ਗਏ।"

- - - - - - - - - - - - - - - - - - - - - - -

"ਸੋਧ ਸੁਧਾਈ ਅਰੰਭ ਹੋਈ, ਡੇਢ ਸੌ ਅਭਿਲਾਖੀਆਂ ਵਿਚੋਂ ਕੇਵਲ ੩੮ ਹੀ ਪਾਸ ਹੋਏ - - - - "

(ੲ) ਪੰਨਾ ੪੮. "ਉਨ੍ਹਾਂ ਨੂੰ ਅੰਮ੍ਰਿਤ ਛਕਾਇਆ ਗਿਆ ਜਿਨ੍ਹਾਂ ਨੇ ਸਿਰ ਤਲੀ ਤੇ ਰਖ ਕੇ ਗੁਰਮਤਿ ਰਹਿਣੀ ਬਹਿਣੀ ਦੀ ਤਿਖੀ ਖੰਡੇਧਾਰ ਉਪਰ ਚਲਣਾ ਕਬੂਲ ਕੀਤਾ।"

(ਸ) ਪੰਨਾ ੮੨. "ਅਜਿਹੇ ਰੰਗ ਰੱਤੜੇ ਰੰਗਲੇ ਗੁਰਮੁਖ ਸੱਜਣਾ ਨੂੰ ਹੀ ਅੰਮ੍ਰਿਤ ਸੰਚਾਰ ਸਮੇਂ ਪੰਜਾਂ ਪਿਆਰਿਆਂ ਵਿਚ ਲਿਆ ਜਾਂਦਾ ਸੀ। ਇਹ ਇਸ ਜੱਥੇ ਦਾ ਸਦੀਵੀ ਬਿਰਦ ਹੈ।"

(ਹ) ਪੰਨਾ ੧੧. "ਜੱਥੇ ਦੇ ਅਸੂਲਾਂ ਅਨੁਸਾਰ - - - ਫੇਰੇ ਘੇਰੇ ਉਧੇੜ ਕੇ ਗੁਰਮਤਿ ਅਨੁਸਾਰ ਪੁਨਰ ਆਨੰਦ ਵਿਵਾਹ - - - ਕੀਤਾ ਗਿਆ।"


www.AKJ.Org

੨.ਭਾ: ਸਾਹਿਬ ਜੀ ਦੀਆਂ ਲਿਖਤਾਂ ਵਿਚੋਂ, ਨਮੂਨੇ ਮਾਤਰ ਉਦਾਹਰਣ ਦੇ ਤੌਰ ਤੇ ਉਪਰੋਕਤ ਪੰਜ ਹਵਾਲੇ ਹੀ ਦਰਜ ਕੀਤੇ ਗਏ ਹਨ। ਏਸ ਮਰਯਾਦਾ ਦਾ ਪਾਲਣ ਕਰਨ ਦੇ ਕਾਰਣ, ਜੋ ਕੇ ਸ੍ਰੀ ਦਸਮੇਸ਼ ਪਿਤਾ ਜੀ ਦੇ ਸਮੇਂ ਤੋਂ ਹੀ ਚਲੀ ਆ ਰਹੀ ਸੀ, ਸਾਡੀ ਕੌਮ ਨੇ ਸੂਰਮੇ ਪੈਦਾ ਕੀਤੇ-

"ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥
ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰ ਪੂਰਾ॥੧॥"

ਏਹਨਾਂ ਸੂਰਮਿਆਂ ਦੀ ਘੋਲ ਘੁਮਾਈਆਂ ਦੇ ਕਾਰਣ ਹੀ ਖਾਲਸਾ ਜੀ ਦਾ ਇਤਿਹਾਸ ਰੌਸ਼ਨ, ਸ਼ਾਨਦਾਰ ਤੇ ਉਘਾ ਪ੍ਰਸਿਧ ਹੋਇਆ, ਜਿਸ ਦਾ ਜ਼ਿਕਰ ਖਾਲਸਾ ਜੀ ਹਰ ਰੋਜ਼ ਆਪਣੀ ਅਰਦਾਸ ਵਿਚ ਬੜੇ ਫ਼ਖ਼ਰ ਨਾਲ ਕਰਦੇ ਹਨ। ਐਸੇ ਸੂਰਮੇ ਅਕਾਲ ਪੁਰਖ ਜੀ ਦੇ ਹੁਕਮ ਅਨੁਸਾਰ ਵਿਰਲੇ ਥੋੜੇ ਹੀ ਹੁੰਦੇ ਹਨ- -

"ਕੋ ਵਿਰਲਾ ਗੁਰਮਤਿ ਚਲੈ ਜੀਉ॥"- - - -
"ਜੋ ਤੁਧੁ ਸਚੁ ਧਿਆਇਦੇ ਸੇ ਵਿਰਲੇ ਥੋੜੇ॥"- - -
" ਸਤਿਗੁਰੂ ਹੈ ਬੋਹਿਥਾ ਵਿਰਲੈ ਕਿਨੈ ਵੀਚਾਰਿ ਆ॥"- - -

3. ਭਾ: ਸਾਹਿਬ ਜੀ ਦੀ ਲਿਖਤ ਵਿਚ ਜਿਸ ਮਰਯਾਦਾ ਦਾ ਜ਼ਿਕਰ ਹੈ, ਓਸ ਦਾ ਮੁੱਦਾ ਸੀ ਕਿ ਅੰਮ੍ਰਿਤ ਛਕਣ ਵਾਲੇ ਤੇ ਛਕਾਉਣ ਵਾਲਿਆਂ ਦਾ ਗੁਰਮਤਿ ਅਨੁਸਾਰ ਨਿਤਾਰਾ ਹੋ ਸਕੇ। ਦੂਜੇ ਲਫ਼ਜ਼ਾਂ ਵਿਚ ਭੇਡਾਂ, ਬੱਕਰੀਆਂ ਦੇ ਇੱਜੜ ਜਾਂ ਹਰਨਾਂ ਦੀਆਂ ਡਾਰਾਂ ਦੀ ਬਜਾਏ, ਖਾਲਸਾ ਪੰਥ ਅਸਲੀ ਸ਼ੇਰ ਪੈਦਾ ਕਰੇ। ਏਹ ਮਰਯਾਦਾ ਗੁਰੂ ਸਾਹਿਬ ਤੇ ਉਹਨਾਂ ਦਿਆਂ ਗੁਰਸਿਖਾਂ ਦੀ ਘੋਰ ਘਾਲਣਾ ਦੀ ਸਿੱਟਾ ਹੈ। ਜੇ ਅਸੀਂ ਆਪਣੇ ਮੰਜੇ ਹੇਠ ਝਾੜੂ ਮਾਰੀਏ ਤਾਂ ਏਹ ਗਲ ਸਪਸ਼ਟ ਹੈ ਕਿ ਅੱਜ ਸਿਖ ਕੌਮ, ਤੇ ਖਾਸ ਤੌਰ ਤੇ ਜੱਥਾ, ਏਸ ਗੁਰ ਦ੍ਰਿੜਾਈ ਮਰਯਾਦਾ ਤੋਂ ਕੋਹਾਂ ਦੂਰ ਚਲਾ ਗਿਆ ਹੈ। ਅਖੰਡ ਪਾਠਾਂ ਦੀ ਮਰਯਾਦਾ ਦਾ ਜੋ ਜ਼ਿਕਰ ਭਾ: ਸਾਹਿਬ ਜੀ ਨੇ ਕੀਤਾ ਹੈ, ਓਸ ਦੇ ਉਲਟ ਅੱਜ ਅਖੰਡ ਪਾਠਾਂ ਦੌਰਾਨ ਕੀਰਤਨ ਦੇ ਪ੍ਰੋਗਰਾਮ ਰੱਖੇ ਜਾਂਦੇ ਹਨ। ਜਿਥੇ ਕੇ ਬਹੁਤੇ ਕੀਰਤਨ ਕਰਨ ਵਾਲੇ ਤਾਂ ਕੀਰਤਨ ਕਰਨ ਤੇ ਸੁਨਾਉਣ ਖਾਤਰ ਹੀ ਆਉਂਦੇ ਹਨ। ਭਾ: ਸਾਹਿਬ ਜੀ ਪੰਨਾ ੧੨੪ ਤੇ ਲਿਖਦੇ ਹਨ— "ਕਿਸੇ ਨੂੰ ਸੁਣਾਵਣ ਖ਼ਾਤਰ ਕੀਰਤਨ ਨਹੀਂ ਹੋਇਆ ਕਰਦਾ ਸੀ, ਇਕ ਤਿਲ ਮਾਤ੍ਰ ਤਮਾਏ ਬੀ ਨਹੀਂ ਹੁੰਦੀ ਸੀ, ਕਿ ਸੰਗਤਾਂ ਇੱਕਠੀਆਂ ਹੋਣ ਤਾਂ ਕੀਰਤਨ ਅਰੰਭੀਏ।" ਭਾ: ਸਾਹਿਬ ਜੀ ਨੇ ਖੁਦ ਮਿਸਾਲ ਕਾਇਮ ਕੀਤੀ ਜਦ ਕਿ ਸ੍ਰੀ ਫਤਹਿ ਗੜ ਸਾਹਿਬ ਮਰਯਾਦਾ ਭੰਗ ਹੁੰਦੀ ਵੇਖ ਕੇ, ਭਾ: ਸਾਹਿਬ ਜੀ ਨੇ ਗੁਰੂ ਕੀ ਹਜ਼ੂਰੀ ਵਿਚ ਇਕੱਲੇ ਹੀ ਕੀਰਤਨ ਕੀਤਾ, ਤੇ ਗੁਰ ਮਰਯਾਦਾ ਭੰਗ ਹੋਣ ਦੇ ਵਿਰੁਧ ਮੋਰਚਾ ਅਰੰਭ ਕਰਨ ਦਾ ਤੇ ਜਾਨ ਦੀ ਬਾਜ਼ੀ ਲਾਉਣ ਦਾ ਅਰਦਾਸਾ ਸੋਧ ਦਿੱਤਾ।

4. ਕੁਝ ਸਾਲ ਹੋਏ ਜਦ ਦਾਸ ਖੰਨੇ ਖੇਤੀ ਕਰਦਾ ਸੀ ਤਾਂ ਅਖੰਡ ਕੀਰਤਨੀ ਜੱਥੇ ਦੇ ਸਾਲਾਨਾ ਸਮਾਗਮ ਦੌਰਾਨ ਇਕ 15-16 ਸਾਲਾ ਭੁਜੰਗੀ ਨੂੰ ਅੰਮ੍ਰਿਤ ਛਕਾਇਆ ਗਿਆ। ਓਸ ਵਕਤ ਉਹ ਨਿਤਨੇਮ ਦੀਆਂ ਬਾਣੀਆਂ ਦਾ ਪਾਠ ਗੁਟਕੇ ਤੋਂ ਵੀ ਨਹੀਂ ਕਰ ਸਕਦਾ ਸੀ। ਚੋਰੀ ਕਰਨ ਦੀ ਉਸ ਨੂੰ ਆਦਤ ਸੀ। ਉਸੇ ਨੇ ਅੰਮ੍ਰਿਤ ਛਕਣ ਉਪਰੰਤ ਮਾਡਲ ਟਾਊਨ ਖੰਨੇ ਦੇ ਗੁਰਦੁਆਰੇ ਚੋਂ ਜਦੋਂ ਚੋਰੀ ਕੀਤੀ ਤਾਂ ਪੁਲਿਸ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਚੋਰੀ ਦਾ ਮਾਲ (ਲੰਗਰ ਦੇ ਭਾਂਡੇ, ਟੂਟੀਆਂ ਆਦਿਕ) ਜਿੱਥੇ ਉਸ ਨੇ ਬੇਚਿਆ ਸੀ, ਉਹਨਾਂ ਦੁਕਾਨਾਂ ਤੋਂ ਬਰ-ਆਮਦ ਕਰ ਲਿਆ।

5. ਜੱਥੇ ਦੀ ਮੁੱਢ ਤੋਂ ਚਲੀ ਆ ਰਹੀ ਮਰਯਾਦਾ, ਜਿਸ ਦਾ ਜ਼ਿਕਰ ਭਾ: ਸਾਹਿਬ ਜੀ ਨੇ ਕੀਤੀ ਹੈ, ਤੋਂ ਡਿਗਦੇ ਡਿਗਦੇ ਓਹ ਸਮਾਂ ਲੈ ਆਂਦਾ ਹੈ ਕੇ ਐਸੇ ਵਿਅਕਤੀਆਂ ਨੂੰ ਵੀ ਅੰਮ੍ਰਿਤ ਪਾਨ ਕਰਾਇਆ ਜਾਣ ਲਗ ਪਿਆ ਹੈ ਜੋ ਕਿ ਨਿਤ ਨੇਮ ਦੀਆਂ ਬਾਣੀਆਂ ਦਾ ਪਾਠ ਗੁਟਕੇ ਤੋਂ ਵੀ ਨਹੀਂ ਕਰ ਸਕਦੇ ਤੇ ਆਚਾਰ ਹੀਣ ਵੀ ਹਨ।

6. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕਿਤਾਬਚਾ-"ਸਿਖ ਰਹਿਤ ਮਰਯਾਦਾ", ਤੇ ਪੰਨੇ ੨੭ ਤੇ ਦਰਜ ਹੈ :-


www.AKJ.Org

"ਤਨਖਾਹੀਏ ਇਹ ਹਨ :-
੧. ਮੀਣੇ, ਮਸੰਦ, ਧੀਰਮਲੀਏ, ਰਾਮਰਾਈਏ- - - -
੨. ਬੇ-ਅੰਮ੍ਰਿਤੀਏ ਜਾਂ ਪਤਿਤ ਦਾ ਜੂਠਾ ਖਾਣ ਵਾਲਾ।
੩. ਦਾਹੜਾ ਰੰਗਣ ਵਾਲਾ।
੪. ਪੁੱਤਰ ਜਾਂ ਧੀ ਦਾ ਸਾਕ ਮੁਲ ਲੈ ਕੇ ਜਾਂ ਦੇ ਕੇ ਕਰਨ ਵਾਲਾ।
੫. ਕੋਈ ਨਸ਼ਾ (ਭੰਗ, ਅਫ਼ੀਮ, ਸ਼ਰਾਬ, ਪੋਸਤ- - ) ਵਰਤਣ ਵਾਲਾ।
੬. ਗੁਰਮਤਿ ਤੋਂ ਵਿਰੁਧ ਕੋਈ ਸੰਸਕਾਰ ਕਰਨ ਕਾਰਣ ਵਾਲਾ।
੭. ਰਹਿਤ ਵਿਚ ਕੋਈ ਭੁਲ ਕਰਨ ਵਾਲਾ।

7. ਏਸੇ ਕਿਤਾਬਚੇ ਦੇ ਪੰਨਾ ੨੮ ਤੇ ਤਨਖ਼ਾਹ ਲਾਉਣ ਦੀ ਵਿਧੀ ਵੀ ਦਰਜ ਹੈ।

8. ੨5-7-੭੭ ਨੂੰ ਕੁਮਾਰਹੱਟੀ ਗੁਰਦੁਆਰਾ ਸਾਹਿਬ ਵਿਖੇ ਜੋ ਸਮਾਗਮ ਹੋਇਆ ਸੀ, ਉਸ ਵਿਚ ਆਪ ਜੀ ਨੇ ਵੀ ਹਾਜ਼ਰੀ ਭਰੀ ਸੀ। ਸਮਾਗਮ ਦੇ ਖ਼ਤਮ ਹੋਣ ਪਰ, ਅਰਦਾਸ ਪ੍ਰੋ: ਬੇਅੰਤ ਸਿੰਘ ਜੀ ਨੇ ਕੀਤੀ ਸੀ, ਜਿਸ ਵਿਚ ਇਕ ਬੀਬੀ ਜੀ ਦੀ ਕੇਸਕੀ ਦੀ ਭੁਲ ਦੀ ਅਰਦਾਸ ਵੀ ਕੀਤੀ ਗਈ। ਕੇਸਕੀ ਨੂੰ ਜਥਾ ਪੰਜਵਾ ਕਕਾਰ ਮੰਨਦਾ ਹੈ। ਪੰਥ ਦੀ ਮਰਯਾਦਾ ਅਨੁਸਾਰ, ਰਹਿਤ ਵਿਚ ਕੋਈ ਭੁਲ ਹੋ ਜਾਵੇ, ਤਾਂ ਓਹ ਤਨਖਾਹੀਆ ਗਰਦਾਨਿਆ ਜਾਂਦਾ ਹੈ। ਤਨਖ਼ਾਹ ਲਾਉਣ ਦੀ ਵਿਧੀ ਕਿਤਾਬਚੇ ਦੇ ਪੰਨੇ ੨੮ ਅਨੁਸਾਰ ਹੇਠਾਂ ਦਰਜ ਹੈ-

| "ਤਨਖਾਹ ਲਾਉਣ ਦੀ ਵਿਧੀ" | ੨5-7-੭੭ ਨੂੰ ਗੁ: ਕੁਮਾਰਹੱਟੀ ਵਿਖੇ- |
|---|---|
| " (ੳ) ਜਿਸ ਕਿਸੇ ਸਿੱਖ ਪਾਸੋਂ ਰਹਿਤ ਦੀ ਕੋਈ ਭੁੱਲ ਹੋ ਜਾਵੇ ਤਾਂ ਉਹ ਨੇੜੇ ਦੀ ਗੁਰ-ਸੰਗਤ ਪਾਸ ਹਾਜ਼ਰ ਹੋਵੇ ਅਤੇ ਸੰਗਤ ਦੇ ਸਨਮੁਖ ਖੜੋ ਕੇ ਆਪਣੀ ਭੁਲ ਮੰਨੇ" | (ੳ) ਬੀਬੀ ਜੀ ਸੰਗਤ ਵਿਚ ਹਾਜ਼ਰ ਤਾਂ ਹੋਏ ਪਰ ਉਹਨਾਂ ਨੇ- "ਸੰਗਤ ਦੇ ਸਨਮੁਖ ਖੜੋ ਕੇ ਆਪਣੀ ਭੁਲ" ਨਹੀਂ ਮੰਨੀ। |
| "(ਅ) ਗੁਰ-ਸੰਗਤ ਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਪੰਜ ਪਿਆਰੇ ਚੁਣੇ ਜਾਣ, ਜੋ ਪੇਸ਼ ਹੋਏ ਸੱਜਣ ਦੀ ਭੁਲ ਨੂੰ ਵਿਚਾਰ ਕੇ ਗੁਰੂ ਸੰਗਤ ਪਾਸ ਤਨਖ਼ਾਹ (ਦੰਡ) ਤਜਵੀਜ਼ ਕਰਨ।" | (ਅ) ਗੁਰ-ਸੰਗਤ ਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਪੰਜ ਪਿਆਰੇ ਨਹੀਂ ਚੁਣੇ ਗਏ ਤੇ ਨਾ ਹੀ ਕੋਈ ਤਨਖ਼ਾਹ ਹੀ ਤਜਵੀਜ਼ ਕੀਤੀ ਗਈ। |
| "(ੲ) ਸੰਗਤ ਨੂੰ ਬਖ਼ਸ਼ਣ ਵੇਲੇ ਹਠ ਨਹੀਂ ਕਰਨਾ ਚਾਹੀਦਾ, ਨਾ ਹੀ ਤਨਖ਼ਾਹ ਲੁਆਣ ਵਾਲੇ ਨੂੰ ਦੰਡ ਭਰਨ ਵਿਚ ਅੜੀ ਕਰਨੀ ਚਾਹੀਦੀ ਹੈ। ਤਨਖ਼ਾਹ ਕਿਸੇ ਕਿਸਮ ਦੀ ਸੇਵਾ, ਖਾਸ ਕਰ ਕੇ ਜੋ ਹੱਥਾਂ ਨਾਲ ਕੀਤੀ ਜਾ ਸਕੇ, ਲਾਉਣੀ ਚਾਹੀਏ।" | (ੲ) ਪੰਥ ਦੀ ਮਰਯਾਦਾ ਅਨੁਸਾਰ ਸਾਫ਼ ਜ਼ਾਹਰ ਹੈ ਕੇ ਬਖਸ਼ਣ ਦਾ ਹੱਕ ਗੁਰ-ਸੰਗਤ ਦਾ ਹੈ। ਪਰ ਉਸ ਦਿਨ /ਵੇਲੇ ਏਹ ਹੱਕ ਸੰਗਤ ਨੂੰ ਨਹੀਂ ਦਿੱਤਾ ਗਿਆ। |
| "(ਸ) ਅੰਤ ਸੋਧ ਦੀ ਅਰਦਾਸ ਹੋਵੇ।" | (ਸ) ਪੰਥ ਪਰਵਾਣੀਤ ਮਰਯਾਦਾ ਦੇ ਉਲਟ ਪ੍ਰੋ: ਬੇਅੰਤ ਸਿੰਘ ਜੀ ਨੇ ਖੁਦ ਹੀ ਆਪਣੇ ਵੱਲੋਂ ਬੀਬੀ ਜੀ ਨੂੰ ਬਖਸ਼ਣ ਦੀ ਅਰਦਾਸ ਸੋਧ ਦਿੱਤੀ। |

੭. ਦਾਸ ਨੇ ਉਪਰੋਕਤ ਦੋ ਬੁਨਿਆਦੀ ਉਦਾਹਰਣਾ ਆਪ ਜੀ ਅੱਗੇ ਪੇਸ਼ ਕੀਤੀਆਂ ਹਨ, ਜੋ ਕੇ ਸਾਡੇ ਧਰਮ ਦੇ ਮੂਲ ਸਿਧਾਂਤਾ ਤੇ ਅਸੂਲਾਂ ਨਾਲ ਸੰਬੰਧਿਤ ਹਨ। ਏਹਨਾਂ ਸਿਧਾਂਤਾਂ ਵਿਚ ਢਿਲਿਆਈ ਕਰਨ ਦਾ ਹੱਕ ਕਿਸ ਦਾ ਹੈ ?

10. ਗੁਰੂ ਹੁਕਮਾਂ ਅਨੁਸਾਰ ਚਲੀ ਆ ਰਹੀ ਮਰਯਾਦਾ ਜੋ ਕੇ ਗੁਰੂ ਜੀ ਨੇ ਸਿੱਖਾਂ ਦੀ ਝੋਲੀ ਵਿਚ ਉਹਨਾਂ ਦੇ ਸਿਰ ਵੱਢ ਕੇ ਪਾਈ ਸੀ, ਅੱਜ ਇਤਨੀ ਸਸਤੀ ਕਿਵੇਂ ਹੋ ਗਈ ? ਏਸ ਮਰਯਾਦਾ ਤੋਂ ਬੇਮੁਖ ਹੋ ਕੇ ਅਸੀਂ ਹਾਸੋ ਹੀਣੀ ਦਸ਼ਾ ਦੇ ਹੀ ਹੱਕਦਾਰ ਹੋਵਾਂਗੇ, ਜੈਸਾ ਕੇ ਸ੍ਰੀ ਦਸਮੇਸ਼ ਜੀ ਨੇ ਖੋਤੇ ਤੇ ਸ਼ੇਰ ਦੀ

(ਬਾਕੀ ਪੰਨਾ ੩੦ ਤੇ..)


www.AKJ.Org

# ਪੰਥ ਦੀ ਸਾਜਨਾ, ਪੰਜ ਪਿਆਰੇ ਤੇ ਉਨ੍ਹਾਂ ਦਾ ਅਧਿਕਾਰ

(ਗਿ: ਊਧਮ ਸਿੰਘ ਜੀ)

- ਕੇਸ ਗੜ੍ਹ ਸਾਹਿਬ ਵਿਖੇ ਗੁਰੂ ਗੋਬਿੰਦ ਜੀ ਨੇ ਜਦ ਸਿੱਖਾਂ ਦੇ ਸਿਰ ਮੰਗੇ ਤਾਂ ਪੰਜ ਗੁਰ ਸਿੱਖ ਹੀ ਨਿਤਰੇ ਸਨ, ਜੋ ਪੰਜ ਪਿਆਰੇ ਪ੍ਰਸਿੱਧ ਹੋਏ।
- ਉਨ੍ਹਾਂ ਦੇ ਨਾਮ ਰੱਖੇ ਗਏ ਸਨ, ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਹਿੰਮਤ ਸਿੰਘ, ਭਾਈ ਮੋਹਕਮ ਸਿੰਘ ਅਤੇ ਭਾਈ ਸਾਹਿਬ ਸਿੰਘ।
- ਸ੍ਰੀ ਸਾਹਿਬੁ ਦੁਆਰਾ ਵਾਰੀ ਵਾਰੀ ਉਨ੍ਹਾਂ ਦੇ ਸੀਸ ਲੈਣ ਪਿੱਛੋਂ ਗੁਰੂ ਸਾਹਿਬ ਜੀ ਨੇ ਅੰਮ੍ਰਿਤ ਸ਼ਕਤੀ ਦੁਆਰਾ ਉਨ੍ਹਾਂ ਨੂੰ ਮੁੜ ਨਵਾਂ ਜੀਵਨ ਬਖਸ਼ਿਆ ਸੀ।
- ਗੁਰੂ ਜੀ ਨੇ ਪ੍ਰਾਣ ਕਲਾ ਜਗਾਣ ਲਈ ਉਨ੍ਹਾਂ ਦੇ ਮੁਖ ਵਿੱਚ, ਜੋਤਿ ਕਲਾ ਲਈ ਨੇਤ੍ਰਾਂ ਵਿੱਚ, ਤੇ ਸੋਚ ਕਲਾ ਲਈ ਸੀਸ ਵਿੱਚ ਅੰਮ੍ਰਿਤ ਦੇ ਛੱਟੇ ਮਾਰੇ ਸਨ।
- ਛੱਟੇ ਮਾਰਨ ਸਮੇਂ ਗੱਜ ਕੇ "ਬੋਲ ਵਾਹਿਗੁਰੂ ਜੀ ਕਾ ਖਾਲਸਾ" ਕਹਿਣ ਦਾ ਭਾਵ ਇਹ ਸੀ ਕਿ ਉਹ ਜੀਵਨ ਸ਼ਕਤੀ ਕਰਕੇ, ਅਬੋਲ ਹੋਇ ਹੋਇ ਸਨ।
- ਉਨ੍ਹਾਂ ਦੀ "ਪੰਥ ਚਲੈ ਤਬ ਜਗਤ ਮੈ ਜਬ ਤੁਮ ਕਰੋ ਸਹਾਇ" ਬੇਨਤੀ ਦਾ ਭਾਵ ਇਹੀ ਸੀ ਕਿ ਸਿੰਘਾਂ ਨੂੰ ਨਵਾ ਜੀਵਨ ਦੇ ਕੇ ਪੰਥ ਸਜਾਇਆ ਜਾਣਾ ਸੀ।
- ਗੁਰੂ ਸਾਹਿਬ ਨੇ ਪੰਜਾਂ ਸਿੱਖਾਂ ਨੂੰ ਅੰਮ੍ਰਿਤ ਛਕਾ ਕੇ ਉਨ੍ਹਾਂ ਦੇ ਨਾਂ ਨਾਲ ਸਿੰਘ ਪਦ ਜੋੜਿਆ ਤੇ ਆਪ ਵੀ ਉਨ੍ਹਾਂ ਤੋਂ ਅੰਮ੍ਰਿਤ ਛੱਕ ਕੇ ਗੋਬਿੰਦ ਸਿੰਘ ਕਹਾਇ।
- ਉਹ "ਦ੍ਵੈ ਤੇ ਏਕ ਰੂਪ ਹੋਇ" ਪਾਰ ਬ੍ਰਹਮ ਸਰੂਪ ਸਨ ਜਿਨ੍ਹਾਂ ਨੇ ਆਪ ਅੰਮ੍ਰਿਤ ਪਾਨ ਕਰਕੇ ਅੰਮ੍ਰਿਤ ਦੀ ਸ਼ਕਤੀ ਤੇ ਅਹਿਮੀਅਤ ਨੂੰ ਦਰਸਾਇਆ।
- ਅੰਦਰ ਜੋਤਿ ਕਲਾ ਨੂੰ ਜਗਾ ਕੇ ਗੁਰੂ ਜੀ ਨੇ ਸ਼ਬਦ ਜੋਤਿ ਦੀ ਤਾਬਿਆ ਪੰਜਾਂ ਪਿਆਰਿਆਂ ਨੂੰ ਦੇਹ ਦੇ ਕਰਨ ਵਾਲੇ ਕਾਰਜਾਂ ਦਾ ਅਧਿਕਾਰੀ ਬਨਾਇਆ।
- ਇਸ ਤਰ੍ਹਾਂ ਪੰਜਾਂ ਪਿਆਰਿਆਂ ਨੂੰ ਉਨ੍ਹਾਂ ਨੇ ਜਗਤ ਦੇ ਅਧਿਕਾਰ ਸੌਂਪੇ ਅਤੇ "ਜੋਤਿ ਓਹਾ ਜੁਗਤਿ ਸਾਇ" ਮਹਾਂਵਾਕ ਦੀ ਪ੍ਰਥਾ ਹਮੇਸ਼ਾਂ ਲਈ ਕਾਇਮ ਕੀਤੀ।
- ਹਜ਼ੂਰ ਸਾਹਿਬ ਵਿੱਖੇ ਜਦ ਆਪ ਨੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾ ਗੱਦੀ ਤੇ ਪ੍ਰਕਾਸ਼ਮਾਨ ਕਰਨਾ ਚਾਹਿਆ ਤਾਂ ਪੰਜਾਂ ਪਿਆਰਿਆਂ ਦੀ ਚੋਣ ਕੀਤੀ।
- ਉਸ ਸਮੇਂ ਸਿੰਘਾ ਦੇ ਸਿਰਾਂ ਦੀ ਨਹੀਂ ਪੰਜ ਸਿੱਖਾਂ ਦੀ ਮੰਗ ਕੀਤੀ ਸੀ, ਜਿਨ੍ਹਾਂ ਨੇ ਅਪਣੇ ਜੀਵਨ ਨੂੰ ਸਿੱਖੀ ਦੀਆਂ ਪਵਿਤ੍ਰ ਲੀਹਾਂ ਤੇ ਢਾਲਿਆ ਤੇ ਕਮਾਇਆ ਸੀ।
- ਇਸ ਚੋਣ ਵਿੱਚ ਇਹ ਨਾਂ ਪ੍ਰਵਾਨ ਹੋਇ ਭਾਈ ਧਰਮ ਸਿੰਘ, ਭਾਈ ਮਨੀ ਸਿੰਘ, ਬਾਬਾ ਦੀਪ ਸਿੰਘ, ਬਾਬਾ ਗੁਰਬਖਸ਼ ਸਿੰਘ ਅਤੇ ਭਾਈ ਸੰਤੋਖ ਸਿੰਘ।
- ਇਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬਿਠਾ ਕੇ ਆਪ ਨੇ ਗੁਰੂ ਗ੍ਰੰਥ ਅਤੇ ਪੰਥ ਨੂੰ ਸਿੱਖ ਕੌਮ ਦਾ ਗੁਰੂ ਸਥਾਪਤ ਕਰਨ ਲਈ ਹੁਕਮ ਕੀਤਾ।
- ਪੰਜ ਪਿਆਰੇ ਗੁਰੂ ਕਲਗੀ ਧਰ ਜੀ ਦੀ ਸਾਜੀ ਪੰਥ ਦੀ ਸ੍ਰੋਮਣੀ ਪੰਚਾਇਤ ਹਨ, ਜੋ ਉੱਚੇ ਸੁੱਚੇ ਜੀਵਨ ਵਾਲੇ ਅਤੇ ਨਿਰਪੱਖ ਹੋਣੇ ਚਾਹੀਦੇ ਹਨ।
- ਪੰਥ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਅੰਦਰ ਪੰਜ ਪਿਆਰੇ ਹੀ ਨਾਮ, ਗੁਰਮੰਤ੍ਰ ਦੇ ਸਕਦੇ ਹਨ, ਹੋਰ ਕਿਸੇ ਮਨੁੱਖ ਨੂੰ ਅਧਿਕਾਰ ਨਹੀਂ।
- ਜੋ ਸਿੰਘ ਪੰਜਾਂ ਬਾਣੀਆਂ ਦਾ ਰੋਜ਼ ਪਾਠ ਅਤੇ ਪੰਜ ਕਕਾਰ ਦੀ ਰਹਿਤ ਨਹੀਂ ਰੱਖਦਾ, ਉਸ ਨੂੰ ਪੰਜਾਂ ਪਿਆਰਿਆਂ ਵਿੱਚ ਨਹੀਂ ਸ਼ਾਮਲ ਕੀਤਾ ਜਾ ਸਕਦਾ।
- ਕੋਈ ਵੀ ਹੁਕਮ ਨਾਮਾ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਪੰਜ ਪਿਆਰੇ ਹੀ ਪਾਸ ਕਰ ਸਕਦੇ ਹਨ, ਕਿਸੇ ਸਭਾ ਜਾਂ ਸੰਸਥਾ ਨੂੰ ਅਧਿਕਾਰ ਨਹੀਂ।



www.AKJ.Org

- ਪੰਜ ਪਿਆਰਿਆਂ ਨੂੰ ਮਤਾ ਸੋਧਣ ਸਮੇਂ ਗੁਰੂ ਗ੍ਰੰਥ ਸਾਹਿਬ ਦੀ ਓਟ ਲੈਣੀ ਚਾਹੀਦੀ ਹੈ, ਹੋਰ ਕਿਸੇ ਦਾ ਕਹਿਣਾ ਜਾਂ ਸਿਫ਼ਾਰਿਸ਼ ਨਹੀਂ ਮੰਨਣੀ ਚਾਹੀਦੀ।
- ਕਿਸੇ ਵੀ ਸਿੱਖ ਆਗੂ ਨੂੰ ਅਪਣੀ ਸ਼ੋਹਰਤ ਲਈ ਪੰਜਾਂ ਪਿਆਰਿਆਂ ਵਿੱਚ ਸ਼ਾਮਲ ਨਹੀਂ ਹੋਣਾ ਚਾਹੀਦਾ, ਜੇ ਉਹ ਰਹਿਤਵਾਨ ਤੇ ਨਿੱਤਨੇਮੀ ਨਾ ਹੋਵੇ।
- ਕਿਸੇ ਇਕ ਆਦਮੀ ਨੂੰ ਕੋਈ ਅਧਿਕਾਰ ਨਹੀਂ ਕੇ ਅਪਣੇ ਕਿਸੇ ਮੰਤਵ ਲਈ ਪੰਜ ਪਿਆਰੇ ਚੁਣੇ ਅਤੇ ਅਪਣੇ ਹੱਕ ਵਿੱਚ ਉਨ੍ਹਾਂ ਤੋਂ ਫੈਸਲਾ ਲਵੇ।
- ਪੰਜਾਂ ਪਿਆਰਿਆਂ ਤੋਂ ਹੋਣ ਵਾਲੇ ਫੈਸਲੇ ਬਾਰੇ ਕਿਸੇ ਵਿਅਕਤੀ ਜਾਂ ਆਗੂ ਦਾ ਅਪਣੇ ਹਕ ਵਿਚ ਫੈਸਲਾ ਕ੍ਰਾਣ ਤੇ ਜ਼ੋਰ ਪਾਣਾ ਬੇਅਸੂਲਾ ਪਨ ਹੈ।
- ਕੋਈ ਵੀ ਪੰਜ ਸਿੱਖ ਇੱਕੱਠੇ ਹੋ ਕੇ ਆਪੇ ਪੰਜ ਪਿਆਰੇ ਨਹੀਂ ਬਣ ਸਕਦੇ ਅਤੇ ਨਾ ਹੀ ਉਹ ਪੰਜਾਂ ਪਿਆਰਿਆਂ ਵਾਲੀ ਕੋਈ ਗੱਲ ਕਰ ਸਕਦੇ ਹਨ।
- ਕਿਸੇ ਸਿਆਸੀ ਆਗੂ ਨੂੰ ਮਿਲਣ ਲਈ ਪੰਜ ਸਿੰਘਾਂ ਦਾ ਪੰਜਾਂ ਪਿਆਰਿਆਂ ਦੀ ਵਰਦੀ ਪਾ ਕੇ ਜਾਣਾ, ਇਸ ਪਰੰਪ੍ਰਾ ਦਾ ਅਪਮਾਨ ਅਤੇ ਭਾਰੀ ਮਨਮਤਿ ਹੈ।
- ਪੰਜਾਂ ਪਿਆਰਿਆਂ ਦੇ ਸਤਿਕਾਰ ਨੂੰ ਨਾ ਸਮਝਣ ਵਾਲੇ, ਹੋਛੇ ਤੇ ਸੋਝੀ ਤੋਂ ਹੀਣੇ ਲੋਕ ਹੀ ਅਜੇਹੀ ਗੱਲ ਕਰਦੇ ਹਨ, ਜਿਨ੍ਹਾਂ ਤੇ ਰੋਕ ਹੋਣੀ ਚਾਹੀਦੀ ਹੈ।
- ਗੁਰਮਤਿ ਦਾ ਕੋਈ ਅਹਿਮ ਮਸਲਾ ਹੀ ਪੰਜ ਪਿਆਰਿਆਂ ਦੇ ਸਪੁਰਦ ਕਰਨਾ ਚਾਹੀਦਾ ਹੈ, ਆਮ ਛੋਟਾ ਮੋਟਾ ਵਿਵਾਦ ਜਾਂ ਆਪਸੀ ਉਲਝਣ ਨਹੀਂ।
- ਸਿੱਖ ਪੰਥ ਦੀ ਅਧੋਗਤੀ ਦਾ ਕਾਰਣ ਗੁਰੂ ਗ੍ਰੰਥ ਸਾਹਿਬ ਅਤੇ ਪੰਥ (ਪੰਜਾਂ ਪਿਆਰਿਆਂ) ਤੋਂ ਆਕੀ ਹੋਣਾ, ਅਥਵਾ ਸਵਾਰਥ ਤੇ ਧੜਿਆਂ ਦਾ ਬੋਲ ਬਾਲਾ ਹੈ।
- ਸਿੱਖ ਕੌਮ ਦੇ ਕਿਸੇ ਵੀ ਉਲਝੇ ਹੋਇ ਧਾਰਮਿਕ ਮਸਲੇ ਨੂੰ ਸੁਲਝਾਣ ਦੇ ਲਈ, ਪੰਥ ਵਲੋਂ ਪੰਜਾਂ ਪਿਆਰਿਆਂ ਨੂੰ ਪੂਰਾ ਅਧਿਕਾਰ ਹੋਣਾ ਚਾਹੀਦਾ ਹੈ।
- ਕਿਸੇ ਵੀ ਧਰਮ ਅਸਥਾਨ ਜਾਂ ਗੁਰਦੁਆਰੇ ਦਾ ਨੀਂਹ ਪੰਜਾਂ ਪਿਆਰਿਆਂ ਦੇ ਹੱਥੋਂ ਹੀ ਰਖਵਾਣਾ ਚਾਹੀਦਾ ਹੈ, ਕਿਸੇ ਇੱਕ ਵਿਅਕਤੀ ਤੋਂ ਨਹੀਂ।
- ਕਿਸੇ ਰਾਜਸੀ ਅਦਾਰੇ ਦਾ ਅਰੰਭਕ ਉਦਘਾਟਨ ਪੰਜਾਂ ਪਿਆਰਿਆਂ ਤੋਂ ਕਰਵਾਣਾ, ਜਾਂ ਕਿਸੇ ਕਾਰਖਾਨੇ ਦਾ ਨੀਂਹ ਪੱਥਰ ਰਖਾਣਾ ਅਯੋਗ ਗੱਲ ਹੈ।
- ਬਰਦੀ ਵਿੱਚ ਪੰਜ ਪਿਆਰੇ ਗੁਰੂ ਗ੍ਰੰਥ ਸਾਹਿਬ ਤੋਂ ਬਿਨਾਂ ਹੋਰ ਕਿਸੇ ਅਗੇ ਵੀ ਮਾਰਚ ਨਹੀਂ ਕਰ ਸਕਦੇ, ਭਾਵੇਂ ਉਹ ਵੱਡੇ ਤੋਂ ਵੱਡਾ ਕਿਉਂ ਨਾ ਹੋਵੇ।
- ਜਲੂਸਾਂ ਵਿੱਚ ਜੇ ਪੰਜ ਪਿਆਰੇ ਪੈਦਲ ਚਲ ਰਹੇ ਹੋਣ ਤਾਂ ਸਿਖ ਸੰਗਤਾਂ ਨੂੰ ਵੀ ਪੈਦਲ ਹੀ ਚਲਣਾ ਚਾਹੀਦਾ ਹੈ, ਸੁਆਇ ਬਿਰਧਾਂ ਜਾਂ ਵਿਕਲਾਂਗਾਂ ਦੇ।
- ਪੰਥਕ ਜਲੂਸਾਂ ਦੇ ਵਿੱਚ ਪੰਜਾਂ ਪਿਆਰਿਆਂ ਵਾਂਗ ਚਾਰ ਸਾਹਿਬਜ਼ਾਦਿਆਂ ਦਾ ਸਾਂਗ ਬਨਾਣਾ ਅਯੋਗ ਗੱਲ ਹੈ, ਜਿਸ ਦੀ ਪੰਥ ਵਿੱਚ ਕੋਈ ਪਰੰਪ੍ਰਾ ਨਹੀਂ।

---

(ਪੰਨਾ ੧੩ ਦਾ ਬਾਕੀ ...)

ਹੋਰ ਸਰੂਪ ਦੇ ਸਮੇ ਹੋਏ ਹਨ ਤੇ ਉਨ੍ਹਾਂ ਗੁਰੂ ਘਰ ਵਿਚੋਂ ਸਤਿਨਾਮ ਦੀ ਪ੍ਰਾਪਤੀ ਉਪ੍ਰੰਤ ਅਟੁੱਟ ਘਾਲ ਕਮਾਈ ਤੇ ਗੁਰੂ ਨਾਨਕ ਜੀ ਦੀ ਮਿਹਰਾਮਤ ਸਦਕਾ ਧੁਰ ਕੀ ਬਾਣੀ ਉਚਾਰਨ ਦੇ ਯੋਗ ਹੋ ਗਏ।

(ਨੋਟ : ਇਹ ਸਭ ਉਪਰ ਲਿਖੇ ਵਿਚਾਰ ਗਿ: ਗੁਰਦਿਤ ਸਿੰਘ ਜੀ ਰਚਿਤ "ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ (ਭਗਤ ਬਾਣੀ ਭਾਗ)" ਦੇ ਅਧਾਰ ਤੇ ਲਿਖੇ ਗਏ ਹਨ।)

ਇਸ ਵਿਚ ਸ਼ੱਕ ਨਹੀਂ ਕਿ ਇਹ ਉਪਰ ਲਿਖੀ ਖੋਜ ਹੋਰ ਖੋਜ ਦੀ ਦਰਕਾਰ ਹੈ ਪਰ ਇਸ ਪੱਖ ਨੂੰ ਮੂਲੋਂ ਹੀ ਝੁਠਲਾਇਆ ਨਹੀਂ ਜਾ ਸਕਦਾ। (ਚਲਦਾ)



www.AKJ.Org

# ਗੁਰਬਾਣੀ ਵਿਚ ਨਿਰਵੈਰਤਾ ਦਾ ਸੰਕਲਪ

(ਸ੍ਰ. ਗੁਰਦਰਸ਼ਨ ਸਿੰਘ ਸੋਢੀ)

ਨਿਰਵੈਰਤਾ ਦਾ ਭਾਵ ਹੈ ਕਿ ਕਿਸੇ ਪ੍ਰਤਿ ਵੈਰ-ਭਾਵ ਨ ਹੋਣਾ। ਗੁਰਬਾਣੀ ਵਿਚ ਸਮੂਚੀ ਮਨੁਖਤਾ ਨੂੰ ਵੈਰ ਵਿਰੋਧ ਛਡ ਕੇ ਮਿਤਰਤਾ ਅਤੇ ਪਿਆਰ ਦਾ ਸੁਨੇਹਾ ਦਿਤਾ ਗਿਆ ਹੈ। ਡਾ. ਇਕਬਾਲ ਦੇ ਸ਼ਬਦਾਂ ਵਿਚ :

'ਮਜ਼ਹਬ ਨਹੀਂ ਸਿਖਾਤਾ ਆਪਸ ਮੈਂ ਬੈਰ ਰਖਨਾ।'

ਕੋਈ ਵੀ ਧਰਮ, ਮਨੁਖ ਨੂੰ ਵੈਰ ਨਹੀਂ ਸਿਖਾਉਂਦਾ ਸਗੋਂ ਨਿਰਵੈਤਾ ਦਾ ਉਪਦੇਸ਼ ਦਿਦਾ ਹੈ, ਪਰ ਗੁਰੂ ਗੰਥ ਸਾਹਿਬ ਵਿਚ ਦਰਜ ਬਾਣੀ, ਵਿਸ਼ੇਸ਼ ਕਰਕੇ ਸਨੇਹ, ਪਿਆਰ ਅਤੇ ਮਿਤਰਤਾ ਦੇ ਭਾਵਾਂ ਨਾਲ ਓਤ ਪੋਤ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਆਰੰਭ ਗੁਰੂ ਨਾਨਕ ਦੇਵ ਜੀ ਦੇ ਉਚਾਰਣ ਕੀਤੇ ਮੂਲ ਮੰਤਰ ਨਾਲ ਕੀਤਾ ਗਿਆ ਹੈ, ਜਿਸ ਵਿਚ ਗੁਰੂ ਜੀ ਨੇ ਵਾਹਿਗੁਰੂ ਨੂੰ ਨਿਰਭਉ ਅਤੇ ਨਿਰਵੈਰ ਵੀ ਦਰਸਾਇਆ ਹੈ। ਉਹ ਅਕਾਲ ਪੁਰਖ ਇਕੋ ਹੈ ਅਤੇ ਉਸ ਦੇ ਬਰਾਬਰ ਦੂਜਾ ਕੋਈ ਹੈ ਨਹੀਂ :

ਸਭ ਜੁਗ ਮਹਿ ਸਾਚਾ ਏਕੋ ਸੋਈ ਸਚੁ ਮਹਿ ਸਚੁ ਦੂਜਾ ਨਹੀਂ ਕੋਈ।' (ਪੰਨਾ. ੯੮੦)

ਉਹ ਸਭ ਦਾ ਜਨਮਦਾਤਾ ਹੈ, ਸਭ ਦਾ ਪਾਲਣਹਾਰ ਹੈ, ਇਸ ਲਈ ਉਹ ਸਭ ਉਤੇ ਦਇਆ ਕਰਦਾ ਹੈ, ਉਸ ਲਈ ਸਭ ਸਮਾਨ ਹੰਨ ਤੇ ਉਸ ਦਾ ਕਿਸੇ ਨਾਲ ਵੀ ਵੈਰ ਨਹੀਂ ਹੈ।

ਗੁਰਬਾਣੀ ਵਿਚ ਕੇਵਲ ਪ੍ਰਮਾਤਮਾ ਨੂੰ ਹੀ ਨਿਰਵੈਰ ਨਹੀਂ ਦਰਸਾਇਆ ਗਿਆ ਸਗੋਂ ਉਸ ਦੀ ਭਗਤੀ ਕਰਕੇ ਪਰਮਗਤ਼ ਨੂੰ ਪ੍ਰਾਪਤ ਕਰਨ ਵਾਲੇ ਮਹਾਂ ਪਰਖਾਂ, ਸੰਤਾਂ, ਭਗਤਾਂ ਨੂੰ ਵੀ ਨਿਰਵੈਰ ਕਿਹਾ ਗਿਆ ਹੈ। ਜਿਨ੍ਹਾਂ ਗੁਰਮੁਖ ਪਿਆਰਿਆਂ ਨੇ ਨਾਮ ਸਿਮਰਨ ਦੁਆਰਾ ਆਪਣੇ ਮਨ ਨੂੰ ਨਿਰਮਲ ਕਰ ਲਿਆ ਹੈ, ਉਹ ਵੀ ਨਿਰਵੈਰ ਹੋ ਜਾਂਦੇ ਹਨ। ਗੁਰੂ ਅਰਜਨ ਦੇਵ ਜੀ ਆਪਣੀ ਬਾਣੀ ਵਿਚ ਅਕਾਲ ਪੁਰਖ ਨੂੰ ਨਿਰਮਲ ਦਰਸਾਉਂਦੇ ਹੋਏ, ਉਸ ਦੇ ਸੰਤਾਂ ਨੂੰ ਵੀ ਨਿਰਮਲ ਅਰਥਾਤ ਵੈਰ ਤੋਂ ਪਾਕਿ ਦਸਦੇ ਹਨ :

'ਤੂੰ ਨਿਰਵੈਰੁ ਸੰਤ ਤੇਰੇ ਨਿਰਮਲ ॥ ਜਿਨ ਦੇਖੇ ਸਭ ਉਤਰਹਿ ਕਲਮਲ ॥ (ਪੰਨਾ ੧੦੯)

ਇਸੇ ਤਰ੍ਹਾਂ ਗੁਰੂ ਜੀ ਭੈਰਉ ਰਾਗ ਦੀ ਆਪਣੀ ਬਾਣੀ ਵਿਚ ਰੱਬ ਦੇ ਭਗਤਾਂ ਨੂੰ ਵੀ ਨਿਰਵੈਰ ਦਸਦੇ ਹਨ :-

'ਪਾਰਬ੍ਰਹਮ ਕੇ ਭਗਤ ਨਿਰਵੈਰ।। ਸੋ ਨਿਸਤਰੈ ਜੋ ਪੂਜੇ ਪੈਰ।।' (ਪੰਨਾ ੧੧੪੫)

ਸੰਤ, ਭਗਤ ਨਿਰਵੈਰ ਹਨ ਕਿਉਂਕਿ ਨਿਰਮਲ ਹਨ, ਕੋਈ ਭੈ ਨਹੀਂ, ਕੋਈ ਸ਼ਰੀਕਾ ਨਹੀਂ, ਈਰਖਾ ਨਹੀਂ, ਸਵਾਰਥ ਨਹੀਂ, ਹਉਮੈ ਨਹੀਂ, ਲੋਭ ਨਹੀਂ। ਇਹ ਸਾਰੇ ਭਾਵ ਵੈਰ ਨੂੰ ਜਨਮ ਦਿੰਦੇ ਹਨ। ਜਿਥੇ ਭੈ ਹੈ ਉਥੇ ਵੈਰ ਉਪਜਦਾ ਹੈ। ਸੱਪ ਤੋਂ ਮਨੁੱਖ ਡਰਦਾ ਹੈ, ਜਿਥੇ ਸੱਪ ਇਸ ਪਾਸੇ ਉਸ ਨੂੰ ਮਾਰਨ ਲਈ ਦੌੜਦਾ ਹੈ। ਸੱਪ ਨਾਲ ਮਨੁੱਖ ਦਾ ਵੈਰ ਉਸ ਦੇ ਡਰ ਕਾਰਨ ਹੈ। ਜਿਸ ਤੋਂ ਮਨੁੱਖ ਨੂੰ ਭੈ ਹੁੰਦਾ ਹੈ, ਉਸ ਦਾ ਉਹ ਵੈਰੀ ਬਣ ਜਾਂਦਾ ਹੈ ਅਤੇ ਜੋ ਨਿਰਭਉ ਹੈ ਉਸ ਦਾ ਕਿਸੇ ਨਾਲ ਵੈਰ ਨਹੀਂ ਹੁੰਦਾ। ਉਹ ਨਿਰਵੈਰ ਹੋ ਜਾਂਦਾ ਹੈ। ਗੁਰੂ ਨਾਨਕ ਦੇਵ' ਜੀ ਮੂਲ ਮੰਤਰ ਵਿਚ 'ਨਿਰਵੈਰ' ਨੂੰ 'ਨਿਰਭਉਂ' ਤੋਂ ਬਾਅਦ ਗਿਣਦੇ ਹਨ ਕਿਉਂਕਿ ਜੋ ਨਿਰਭਉ ਹੈ ਉਹ ਆਪੇ ਹੀ ਨਿਰਵੈਰ ਹੋ ਜਾਂਦਾ ਹੈ। ਗੁਰੂ ਤੇਗ ਬਹਾਦਰ ਜੀ ਆਪਣੀ ਬਾਣੀ ਵਿਚ ਫੁਰਮਾਉਂਦੇ ਹਨ ਕਿ ਨ ਕਿਸੇ ਨੂੰ ਭੈ ਦੇਣਾ ਹੈ ਅਤੇ ਨਾ ਕਿਸੇ ਦਾ ਭੈ ਮੰਨਣਾ ਹੈ-

'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ।।' (ਪੰਨਾ ੧੪੨੭)

ਅਤੇ ਬਾਣੀ ਵਿਚ ਇਸ ਭੈ ਨੂੰ ਦੂਰ ਕਰਨ ਦਾ ਸਾਧਨ ਵੀ ਦਸਿਆ ਗਿਆ ਹੈ।

'ਨਿਰਭਉ ਜਪੈ ਸਗਲ ਭਉ ਮਿਟੈ। ਪ੍ਰਭ ਕਿਰਪਾ ਤੇ ਪ੍ਰਾਣੀ ਛੁਟੈ।' (ਪੰਨਾ ੨੯੩)

ਨਿਰਭਉ ਵਾਹਿਗੁਰੂ ਦਾ ਜਾਪ ਕਰਨ ਨਾਲ ਸਭ ਭਉ ਮਿਟ ਜਾਂਦੇ ਹਨ ਅਤੇ ਭਉ ਖਤਮ ਹੋਣ ਨਾਲ ਨਿਰਵੈਰਤਾ ਆਉਂਦੀ ਹੈ। ਨਿਰਭਉ ਹੋਣਾ ਅੰਦਰਲਾ ਗੁਣ ਹੈ ਤੇ ਨਿਰਵੈਰਤਾ, ਨਿਰਵੈਰ ਹੋਣਾ ਬਾਹਰਲਾ। ਜਿਉਂ ਜਿਉਂ ਅਸੀਂ ਅੰਦਰੋਂ ਨਿਰਭਉ ਹੁੰਦੇ ਜਾਵਾਂਗੇ ਤਿਉਂ ਤਿਉਂ ਬਾਹਰੋਂ ਨਿਰਵੈਰ ਹੁੰਦੇ ਜਾਵਾਂਗੇ।

ਭੈ ਤੋਂ ਬਿਨਾਂ ਮਨੁੱਖ ਦੇ ਮਨ ਨੂੰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਪੰਜ ਵਿਕਾਰਾਂ ਨੇ ਗ੍ਰਸਿਆ ਹੋਇਆ ਹੈ ਜਿੰਨੀ ਉਸ ਉਤੇ ਇਨ੍ਹਾਂ ਵਿਕਾਰਾਂ ਦੀ ਪਕੜ ਮਜਬੂਤ ਹੁੰਦੀ ਹੈ ਉਨ੍ਹਾਂ ਹੀ ਉਹ ਪ੍ਰਮਾਤਮਾ ਤੋਂ ਦੂਰ ਹੋ



www.AKJ.Org

ਕੇ, ਨਿਰਵੈਰਤਾ ਛੱਡ ਕੇ, ਵੈਰ ਭਾਵਨਾ ਵਿਚ ਡੁਬਦਾ ਜਾਂਦਾ ਹੈ। ਇਹ ਪੰਜ ਵਿਕਾਰ ਅਤੇ ਈਰਖਾ, ਚੁਗਲੀ ਨਿੰਦਿਆ, ਸਵਾਰਥ ਆਦਿ ਮਨੁੱਖੀ ਸ਼ਖਸੀਅਤ ਦੇ ਔਗੁਣਾਂ ਨੂੰ ਗੁਰਬਾਣੀ ਮਨੁੱਖ ਦੇ ਗਲ ਦੀ ਫਾਹੀ ਦਸਦੀ ਹੈ :

'ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ।' (ਪੰਨਾ ੫੯੫)

ਅਤੇ ਗੁਰਬਾਣੀ ਇਨ੍ਹਾਂ ਔਗੁਣਾਂ ਦਾ ਤਿਆਗ ਕਰਕੇ ਗੁਣ ਗ੍ਰਹਿਣ ਕਰਨ ਲਈ ਮਨੁੱਖ ਨੂੰ ਪ੍ਰੇਰਦੀ ਹੈ :

'ਅਉਗਣ ਛੋਡਹੁ ਗੁਣ ਕਰਹੁ ਐਸੇ ਤਤ ਪਰਾਵਹੁ॥' (ਆਸਾ ਕਾਫੀ ਮ: ੧।)

ਇਨ੍ਹਾਂ ਔਗੁਣਾਂ ਨੂੰ ਦੂਰ ਕਰਕੇ ਮਨ ਨੂੰ ਨਿਰਮਲ ਅਤੇ ਨਿਰਵੈਰ ਕਿਵੇਂ ਕਰਨਾ ਹੈ, ਗੁਰਬਾਣੀ ਸੇਧ ਦੇ ਰਹੀ ਹੈ :

ਅਉਗਣੀ ਭਰਿਆ ਸਰੀਰ ਹੈ ਕਿਉ ਸੰਤਹੁ ਨਿਰਮਲ ਹੋਇ॥
ਗੁਰਮੁਖਿ ਗੁਣ ਵੇਹਾਝੀਅਹਿ ਮਲੁ ਹਉਮੈ ਕਢੈ ਧੋਇ॥ (ਪੰਨਾ ੩੧੧)

ਇਨ੍ਹਾਂ ਵਿਕਾਰਾਂ ਦੀ ਮੈਲ ਜਿਸ ਮਨੁੱਖ ਦੇ ਮਨ ਨੂੰ ਲਗੀ ਹੋਈ ਹੈ, ਉਸ ਨੂੰ ਮਨਮੁਖ ਅਤੇ ਜਿਸ ਨੇ ਇਨ੍ਹਾਂ ਤੋਂ ਉਪਰ ਉਠ ਕੇ ਸਤ, ਸੰਤੋਖ ਦਇਆ, ਧਰਮ, ਸੇਵਾ, ਨਿਮਰਤਾ, ਸੱਚ ਆਦਿ ਗੁਣ ਧਾਰਨ ਕਰ ਲਏ ਹਨ, ਉਸ ਨੂੰ ਗੁਰਬਾਣੀ ਵਿਚ ਗੁਰਮੁਖ ਕਿਹਾ ਗਿਆ ਹੈ। ਮਨਮੁਖ ਤੋਂ ਗੁਰਮੁਖ ਬਨਣ ਲਈ ਵੈਰ ਵਿਰੋਧ ਮਿਟਾਉਣ ਦਾ ਰਸਤਾ ਗੁਰਬਾਣੀ ਦਸ ਰਹੀ ਹੈ ਕਿ ਜੋ ਮਨੁੱਖ ਹਰੀ ਦਾ ਜਸ ਸੁਣਦੇ ਹਨ ਉਨ੍ਹਾਂ ਦੇ ਮਨ ਤੋਂ ਵੈਰ ਵਿਰੋਧ ਮਿਟ ਜਾਂਦੇ ਹਨ ਅਤੇ ਵਿਕਾਰਾਂ ਦੀ ਮੈਲ ਉਤਰ ਜਾਂਦੀ ਹੈ :-

'ਗੁਨ ਗਾਵਤ ਤੇਰੀ ਉਤਰਸਿ ਮੈਲੁ। ਬਿਨਸਿ ਜਾਇ ਹਉਮੈ ਬਿਖੁ ਫੈਲੁ। (ਪੰਨਾ ੨੮੯)

ਨਿਰਵੈਰ ਪ੍ਰਭੂ ਦੇ ਗੁਣ ਗਾਉਣ ਨਾਲ ਈਰਖਾ, ਨਿੰਦਾ, ਸਵਾਰਥ ਆਦਿ, ਔਗੁਣ ਦੂਰ ਹੁੰਦੇ ਹਨ। ਗੁਰਬਾਣੀ ਵਿਚ ਉਨ੍ਹਾਂ ਔਗੁਣਾਂ ਦਾ ਤਿਆਗ ਕਰਨ ਦੀ ਸਿਖਿਆ ਹੀ ਨਹੀਂ ਦਿਤੀ ਗਈ ਸਗੋਂ ਅਮਲੀ ਜੀਵਨ ਵਿਚ ਗੁਰੂ ਸਾਹਿਬਾਨ ਨੇ ਕਰਕੇ ਵੀ ਵਿਖਾਇਆ ਹੈ। ਗੁਰੂ ਤੇਗ ਬਹਾਦਰ ਜੀ ਨੇ ਦਿੱਲੀ ਵਿਚ ਬਲੀਦਾਨ ਦਿਤਾ, ਆਪਣੇ ਸਵਾਰਥ ਲਈ ਨਹੀਂ ਸਗੋਂ ਤਿਲਕ ਜੰਝੂ ਦੀ ਰੱਖਿਆ ਲਈ । ਆਪਣੇ ਧਰਮ ਲਈ ਅਪਣੀ ਕੌਮ ਲਈ ਕੁਰਬਾਨੀ ਦੇਣ ਵਾਲੇ ਤਾਂ ਅਨੇਕਾਂ ਹੋਣਗੇ ਪਰ ਮਜ਼ਲੂਮਾਂ ਦੇ ਹਿਤ ਵਿਚ ਕੁਰਬਾਨੀ ਦੇਣਾ ਗੁਰੂ ਤੇਗ ਬਹਾਦਰ ਜੀ ਦੇ ਹਿੱਸੇ ਹੀ ਆਇਆ ਹੈ, ਕਿਉਂਕਿ ਉਨ੍ਹਾਂ ਵਿਚ ਸਵਾਰਥ ਦਾ ਲੇਪ ਨਹੀਂ ਸੀ, ਨਿਰਵੈਰਤਾ ਸੀ।

ਵੈਰ ਭਾਵ ਮਿਟਾਉਣ ਲਈ, ਗੁਰਬਾਣੀ ਸਮੁੱਚੀ ਮਨੁੱਖਤਾ ਨੂੰ ਏਕਤਾ ਦੀ ਲੜੀ ਵਿਚ ਪਰੋਂਦੀ ਹੈ। ਜਾਤ ਪਾਤ, ਊਚ-ਨੀਚ ਅਮੀਰ ਗਰੀਬ, ਵੱਡੇ ਛੋਟੇ, ਰਾਜਾ ਰੰਕ ਦਾ ਭੇਦ ਮਿਟਾ ਕੇ ਹੀ ਨਿਰਵੈਰਤਾ ਆ ਸਕਦੀ ਹੈ। ਜਦ ਤਕ ਵਖਰੇਵਾਂ ਬਣਿਆ ਹੈ ਵੈਰ ਭਾਵ ਬਣਿਆ ਰਹੇਗਾ। ਇਕ ਦੇਸ਼ ਵਾਲੇ ਦੂਜੇ ਦੇਸ਼ ਨਾਲ, ਇਕ ਜਾਤ ਵਾਲੇ ਦੂਜੀ ਜਾਤ ਨਾਲ, ਇਕ ਧਰਮ ਵਾਲੇ ਦੂਜੇ ਧਰਮ ਨਾਲ ਵੈਰ ਕਮਾਉਂਦੇ ਰਹਿਣਗੇ। ਪਰ ਗੁਰਬਾਣੀ ਵਿਚ ਇਹ ਸਾਰੇ ਭੇਦ ਮਿਟਾ ਕੇ -

ਏਕ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ। (ਪੰਨਾ: ੬੧੧)

ਦੇ ਮਹਾਂਵਾਕ ਅਨੁਸਾਰ ਸਭ ਨੂੰ ਇਕੋ ਪਿਤਾ ਦੇ ਪੁੱਤਰ ਦਸ ਕੇ ਬਰਾਬਰੀ ਦਾ ਦਰਜਾ ਦਿਤਾ ਗਿਆ ਹੈ। ਦੂਜੇ ਨੂੰ ਬੁਰਾ ਭਲਾ ਸਮਝਣ ਨਾਲ ਵੈਰ ਵਿਰੋਧ ਦੀ ਭਾਵਨਾ ਪੈਦਾ ਹੁੰਦੀ ਹੈ, ਪਰ ਗੁਰਬਾਣੀ ਕਹਿ ਰਹੀ ਹੈ-

ਬੁਰਾ ਭਲਾ ਕਹੁ ਕਿਸ ਨੋ ਕਹੀਐ ਸਗਲੇ ਜੀਅ ਤੁਮਾਰੇ (ਪੰਨਾ ੩੮੩)

ਮਨੁੱਖੀ ਮਨ ਵਿਚੋਂ ਵੈਰ ਵਿਰੋਧ ਜਾਂ ਬਿਗਾਨੇਪਨ ਦੀ ਭਾਵਨਾ ਦੂਰ ਹੋ ਜਾਵੇ ਤਾਂ ਉਸ ਨੂੰ ਕੋਈ ਵੀ ਪਰਾਇਆ ਨਹੀਂ ਜਾਪੇਗਾ, ਸਭ ਆਪਣੇ ਹੀ ਦਿਸਣਗੇ, ਜਦੋਂ ਕੋਈ ਬਿਗਾਨਾ ਹੀ ਨਾ ਰਿਹਾ ਫਿਰ ਵੈਰ ਕਿਸ ਨਾਲ? ਜਦੋਂ ਕੋਈ ਬਿਗਾਨਾ ਹੀ ਨਹੀਂ, ਸਭ ਵਿਚ ਇਕੋ ਹੀ ਰੱਬ ਦੀ ਜੋਤ ਹੈ ਤਾਂ ਮੰਦਾ ਕਿਸੇ ਨੂੰ ਕਿਹਾ ਜਾਵੇ? ਬਾਬਾ ਫਰੀਦ ਜੀ ਫੁਰਮਾਉਂਦੇ ਹਨ -

ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ।
ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ। (ਪੰਨਾ ੧੩੮੧)

ਗੁਰਬਾਣੀ ਦੀ ਇਸ ਸਿਖਿਆ ਤੋਂ ਪ੍ਰਭਾਵਿਤ ਹੋ ਕੇ, ਅਨੇਕ ਸਿਖ, ਮਨ ਤੋਂ ਭੇਦ ਭਾਵ ਦਾ ਪਰਦਾ


www.AKJ.Org

ਲਾਹ ਕੇ ਨਿਰਵੈਰ ਅਵਸਥਾ ਪ੍ਰਾਪਤ ਕਰ ਚੁਕੇ ਸਨ। ਗੁਰ ਇਤਿਹਾਸ ਵਿਚ ਅਜਿਹੀ ਇਕ ਉਦਾਹਰਣ, ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖ ਭਾਈ ਕਨ੍ਹਈਆ ਦੀ ਹੈ। ਭਾਈ ਕਨ੍ਹਈਆ ਲੜਾਈ ਸਮੇਂ ਫੱਟੜਾਂ ਨੂੰ ਪਾਣੀ ਪਿਆਉਣ ਦੀ ਸੇਵਾ ਕਰਦੇ ਸਨ। ਉਹ ਬਿਨਾਂ ਇਹ ਦੇਖੇ ਕਿ ਫੱਟੜ ਸਿੱਖ ਹੈ ਜਾਂ ਮੁਸਲਮਾਨ, ਸਭ ਨੂੰ ਪਾਣੀ ਪਿਲਾ ਰਹੇ ਸਨ। ਗੁਰੂ ਗੋਬਿੰਦ ਸਿੰਘ ਜੀ ਪਾਸ ਸ਼ਿਕਾਇਤ ਪੁਜੀ ਕਿ ਭਾਈ ਕਨ੍ਹਈਆ ਦੁਸ਼ਮਨ ਦੀ ਫੌਜ ਨੂੰ ਵੀ ਪਾਣੀ ਪਿਲਾ ਕੇ ਫਿਰ ਲੜਨ ਲਈ ਤਿਆਰ ਕਰੀ ਜਾਂਦੇ ਹਨ। ਗੁਰੂ ਜੀ ਨੇ ਭਾਈ ਕਨ੍ਹਈਆ ਤੋਂ ਇਸ ਦਾ ਕਾਰਨ ਪੁਛਿਆ ਤਾਂ ਉਹ ਕਹਿਣ ਲਗੇ ਮੈਨੂੰ ਤਾਂ ਕੋਈ ਬਿਗਾਨਾ ਦਿਸਦਾ ਹੀ ਨਹੀਂ, ਸਭ ਵਿਚ ਆਪ ਦਾ ਹੀ ਰੂਪ ਦਿਸਦਾ ਹੈ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਖੁਸ਼ ਹੋ ਕੇ ਉਸ ਨੂੰ ਪਾਣੀ ਦੇ ਨਾਲ ਮੱਲ੍ਹਮ ਪੱਟੀ ਦੀ ਸੇਵਾ ਵੀ ਬਖਸ਼ੀ। ਇਹ ਸੀ ਨਿਰਵੈਰਤਾ ਦੀ ਸਹੀ ਤਸਵੀਰ।

ਗੁਰਬਾਣੀ ਵਿਚ ਧਰਮ ਦਾ ਵਖਰੇਵਾਂ ਦੂਰ ਕਰਨ ਲਈ ਉਸ ਸਮੇਂ ਦੇ ਦੋਨੋ ਪ੍ਰਸਿਧ ਧਰਮ ਹਿੰਦੂ ਅਤੇ ਇਸਲਾਮ ਦਾ ਭੇਦ ਮਿਟਾ ਕੇ ਸਭ ਨੂੰ ਅੱਲਾ ਰਾਮ ਦੇ ਬੰਦੇ ਕਿਹਾ ਗਿਆ ਹੈ :-

ਨਾ ਹਮ ਹਿੰਦੂ ਨਾ ਮੁਸਲਮਾਨ॥ ਅਲਹ ਰਾਮ ਕੇ ਪਿੰਡੁ ਪਰਾਨ॥ (ਪੰਨਾ ੧੧੩੬)

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਸਮੇਂ ਦੇ ਪ੍ਰਚਲਿਤ ਧਰਮਾਂ ਵਿਚ ਆ ਚੁਕੀਆਂ ਕੁਰੀਤੀਆਂ ਦਾ ਖੰਡਨ ਤਾਂ ਕੀਤਾ ਗਿਆ ਹੈ, ਪਰ ਉਨ੍ਹਾਂ ਪ੍ਰਤੀ ਵੈਰ ਭਾਵਨਾ ਕਿਤੇ ਨਜ਼ਰ ਨਹੀਂ ਆਉਂਦੀ, ਸਗੋਂ ਦੂਜੇ ਧਰਮਾਂ ਦੀਆਂ ਹਰ ਰੀਤਾਂ ਦਾ ਸਤਿਕਾਰ ਕੀਤਾ ਗਿਆ ਹੈ। ਬਾਬਾ ਫਰੀਦ ਜੀ ਦੀ ਬਾਣੀ, ਜਿਸ ਵਿਚ ਪੰਜੇ ਵਕਤ ਮਸੀਤ ਨਾ ਆਉਣ ਤੇ ਲਾਹਨਤ ਪਾਈ ਗਈ ਹੈ, ਵੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤੀ ਗਈ ਹੈ। ਭਗਤ ਕਬੀਰ ਜੀ ਹਿੰਦੂ ਅਤੇ ਇਸਲਾਮ ਦੋਨਾਂ ਦੇ ਧਾਰਮਿਕ ਗ੍ਰੰਥਾਂ ਦੇ ਸਤਿਕਾਰ ਵਿਚ ਲਿਖਦੇ ਹਨ :-

ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ॥ (ਪੰਨਾ ੧੩੫੦)

ਗੁਰਬਾਣੀ ਦੇ ਰਚਨਹਾਰ ਗੁਰੂ ਸਾਹਿਬਾਨ ਅਤੇ ਹੋਰ ਭਗਤਾਂ ਨੇ ਆਪਣੀ ਬਾਣੀ ਵਿਚ ਵੀ ਅਤੇ ਆਪਣੇ ਜੀਵਨ ਦੁਆਰਾ ਵੀ ਨਿਰਵੈਰਤਾ ਦਾ ਉਪਦੇਸ਼ ਦਿਤਾ ਪਰ ਫਿਰ ਵੀ ਉਨ੍ਹਾਂ ਦੇ ਸ਼ਰੀਕਾਂ ਅਤੇ ਉਸ ਸਮੇਂ ਦੇ ਹਾਕਮਾਂ ਨੇ ਲੋਭ ਅਤੇ ਈਰਖਾ ਦੀ ਅੱਗ ਵਿਚ ਸੜਦੇ ਹੋਏ ਉਨ੍ਹਾਂ ਨਾਲ ਵੈਰ ਕਮਾਇਆ ਭਗਤ ਨਾਮਦੇਵ ਜੀ ਨੂੰ ਇਕ ਮਸਤ ਹਾਥੀ ਅਗੇ ਸੁਟਿਆ। ਸ਼ਾਂਤੀ ਅਤੇ ਨਿਰਵੈਰਤਾ ਦੇ ਪੁੰਜ ਗੁਰੂ ਅਰਜਨ ਦੇਵ ਜੀ ਨਾਲ ਬਾਬਾ ਪਿਰਥੀ ਚੰਦ, ਜਹਾਂਗੀਰ, ਚੰਦੂ, ਸੁਲਹੀ ਆਦਿ ਵੈਰ ਕਮਾਉਂਦੇ ਰਹੇ। ਗੁਰੂ ਸਾਹਿਬਾਨ ਅਤੇ ਭਗਤ ਕਿਉਂਕਿ ਲੋਭ, ਈਰਖਾ ਆਦਿ ਮਨੋਭਾਵਾਂ ਤੋਂ ਮੁਕਤ ਸਨ ਇਸ ਲਈ ਨਿਰਵੈਰ ਸਨ। ਕਮਾਲ ਦੀ ਗੱਲ ਹੈ ਕਿ ਗੁਰਬਾਣੀ ਵਿਚ ਕਿਤੇ ਵੀ ਗੁਰੂ ਸਾਹਿਬਾਨ ਜਾਂ ਭਗਤਾਂ ਨੇ ਉਨ੍ਹਾਂ ਦੋਖੀਆਂ ਪ੍ਰਤੀ ਵੈਰ ਦੀ ਭਾਵਨਾ ਪ੍ਰਗਟ ਨਹੀਂ ਕੀਤੀ। ਗੁਰੂ ਅਰਜਨ ਦੇਵ ਜੀ ਜਿਨ੍ਹਾਂ ਨੂੰ ਇੰਨੇ ਤਸੀਹੇ ਦਿਤੇ ਗਏ ਆਪਣੀ ਬਾਣੀ ਵਿਚ ਫੁਰਮਾ ਰਹੇ ਹਨ :-

ਨ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ।

ਇੰਨੇ ਵਿਰੋਧ ਦੇ ਬਾਵਜੂਦ ਉਨ੍ਹਾਂ ਨੂੰ ਕੋਈ ਵੈਰੀ ਜਾਂ ਬਿਗਾਨਾ ਨਹੀਂ ਦਿਸਦਾ ਇਸ ਤੋਂ ਵਧ ਨਿਰਵੈਰਤਾ ਹੋਰ ਕੀ ਹੋ ਸਕਦੀ ਹੈ? ਆਪਣੇ ਨਿੰਦਕਾਂ, ਦੋਖੀਆਂ ਨਾਲ ਵੈਰ ਤਾਂ ਕੀ ਕਰਨਾ ਹੈ, ਪੂਰਾ ਗੁਰੂ ਤਾਂ ਦੋਖੀਆਂ ਨੂੰ ਵੀ ਤਾਰ ਦਿੰਦਾ ਹੈ। ਭਾਈ ਗੁਰਦਾਸ ਜੀ ਲਿਖਦੇ ਹਨ

ਗੁਰੂ ਪੂਰਾ ਨਿਰਵੈਰ ਹੈ, ਨਿੰਦਕ ਦੋਖੀ ਬੇਮੁਖ ਤਾਰੇ। (ਵਾਰ ੨੬)

ਸਤਿਗੁਰੂ ਦੇ ਪੁਤਰ ਅਤੇ ਸ਼ਤਰੂ ਸਮਾਨ ਹਨ, ਕੋਈ ਭੇਦ ਨਹੀਂ :-

ਸਤਿਗੁਰੂ ਨਿਰਵੈਰੁ ਪੁਤ੍ਰ ਸਤ੍ਰ ਸਮਾਨੇ ਅਉਗੁਣ ਕਟੇ ਕਰੇ ਸੁਧੁ ਦੇਹਾਂ। (ਪੰਨਾ ੯੬੦)

ਨਿਰਵੈਰਾਂ ਨਾਲ ਵੈਰ ਕਮਾਉਣਾ ਬਹੁਤ ਵਡਾ ਪਾਪ ਹੈ, ਗੁਰੂ ਰਾਮਦਾਸ ਜੀ ਆਪਣੀ ਬਾਣੀ ਵਿਚ ਫੁਰਮਾਉਂਦੇ ਹਨ ਕਿ ਜੋ ਨਿਰਵੈਰਾਂ ਨਾਲ ਵੈਰ ਕਰਦੇ ਹਨ, ਸਾਰੇ ਜਗਤ ਦਾ ਪਾਪ ਉਹ ਆਪਣੇ ਸਿਰ ਲੈ ਲੈਂਦੇ ਹਨ, ਪਰ ਜੇ ਉਹ ਗੁਰੂ ਦੀ ਸ਼ਰਨ ਆ ਜਾਣ ਤਾਂ ਪਿਛਲੇ ਔਗੁਣ ਵੀ ਬਖਸ਼ੇ ਜਾਂਦੇ ਹਨ :-

ਨਿਰਵੈਰੈ ਨਾਲਿ ਜਿ ਵੈਰ ਰਚਾਏ ॥ ਸਭੁ ਪਾਪੁ ਜਗਤੈ ਕਾ ਤਿਨਿ ਸਿਰਿ ਲਇਆ ।

---



www.AKJ.Org

# ਸੰਤ

(ਸ੍ਰ: ਪ੍ਰੀਤਮ ਸਿੰਘ, ਪੂਨਾ)

੧. ਗੁਰਬਾਣੀ ਵਿਚ ਸੰਤ, ਸਾਧ ਗੁਰੂ ਬ੍ਰਹਮ ਗਿਆਨੀ ਭਗਤ ਜਨ ਅਤੇ ਗੁਰਮੁਖ ਆਦਿ ਸਬਦ ਕਾਫੀ ਦਰਸਨਾ ਨੂੰ ਆਓਂਦੇ ਹਨ।

ਸੰਤ ਸਬਦ ਕਿਤੇ ਇਕ ਵਚਨ ਅਤੇ ਕਿਤੇ ਬਹੁ ਵਚਨ ਵੀ ਮਿਲਦਾ ਹੈ। ਇਹ ਦ੍ਰਿਸਟੀ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਹੈ। ਸਾਧ ਸੰਤ ਵਿਚ ਭੇਦ ਨਹੀਂ ਹੈ। ਡਿਓਟੀ ਇਕੋ ਹੀ ਹੈ।

੨. ਪਰੀਭਾਸ਼ਾ (Defination): ਸੁਖਮਨੀ ਸਾਹਿਬ ਵਿਚ ਬੜੀ ਇਹਸਾਨ ਜਾਪਦੀ ਹੈ।

"ਰਹਤ ਅਵਰ ਕਛੁ ਅਵਰ ਕਮਾਵਤ॥ ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ॥
ਜਾਨਨਹਾਰ ਪ੍ਰਭੂ ਪਰਬੀਨ॥ ਬਾਹਰਿ ਭੇਖ ਨ ਕਾਹੂ ਭੀਨ॥
ਅਵਰ ਉਪਦੇਸੈ ਆਪਿ ਨ ਕਰੈ॥ ਅਵਰ ਜਾਵਤ ਜਨਮੇ ਮਰੈ॥
ਜਿਸ ਕੈ ਅੰਤਰਿ ਬਸੈ ਨਿਰੰਕਾਰੁ॥ ਤਿਸ ਕੀ ਸੀਖ ਤਰੈ ਸੰਸਾਰੁ॥
ਜੋ ਤੁਮ ਭਾਨੇ ਤਿਨ ਪ੍ਰਭੁ ਜਾਤਾ॥ ਨਾਨਕ ਉਨ ਜਨ ਚਰਨ ਪਰਾਤਾ॥੭॥ (ਅਸਟਪਦੀ ੨੬੯ ਪੰਨਾ)

੩. ਦੂਜਾ ਸ਼ਬਦ

ਆਠ ਪਹਰ ਨਿਕਟਿ ਕਰਿ ਜਾਨੈ॥ ਪ੍ਰਭ ਕਾ ਕੀਆ ਮੀਠਾ ਮਾਨੈ॥
ਏਕ ਨਾਮੁ ਸੰਤਨ ਅਧਾਰੁ॥ ਹੋਇ ਰਹੇ ਸਭ ਕੀ ਪਗ ਛਾਰੁ॥੧॥
ਸੰਤ ਰਹਤ ਸੁਨਹੁ ਮੇਰੇ ਭਾਈ॥ ਉਆ ਕੀ ਮਹਿਮਾ ਕਥਨ ਨ ਜਾਈ॥ਰਹਾਉ॥ (ਪੰਨਾ ੩੫੨)

੪. ਇਤਿਹਾਸਕ ਵਿਚਾਰ ਇਸ ਤਰਾਂ ਹੈ : ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਹੀ ਸ੍ਰੀ ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਦੇੜ (ਮਹਾਰਾਸ਼ਟਰਾ) ਵਿਖੇ ੪ ਅਕਤੂਬਰ ੧੭੦੮ ਇਸਵੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਨੂੰ ਗੁਰਿਆਈ ਬਖਸ਼ ਦਿੱਤੀ ਅਤੇ ਸਦਾ ਲਈ ਪੰਥ ਨੂੰ ਹੁਕਮ ਕੀਤਾ ਕਿ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਨੂੰ ਮੱਥਾ ਟੇਕਣਾ ਹੈ। ਦੇਹਧਾਰੀ ਗੁਰੂ ਦੀ ਸਖਸ਼ੀਅਤ ਦਾ ਸਿਲਸਿਲਾ ਸਦਾ ਲਈ ਸਮਾਪਤ ਕਰ ਦਿਤਾ ਹੈ।

੫. ਪੰਥ ਵਿਚ ਦੇਖਣ ਨੂੰ ਆਉਂਦਾ ਸੀ ਕਿ ਅੰਮ੍ਰਿਤ ਧਾਰੀ ਸਿੰਘ/ ਸਿੰਘਣੀਆਂ ਸਜਣ/ ਮਿਤ੍ਰ ਜਦ ਮਿਲਦੇ ਸਨ / ਹਾਂ ਤਾਂ ਆਪਸ ਵਿਚ ਭਾਈ /ਭਾਈ ਸਾਹਿਬ ਮੁਖਾਤਬ ਕਰਕੇ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ਪਰਵਾਨ ਕਰਦੇ ਸਨ/ ਹਨ।

ਭਾਈ/ਭਾਈ ਸਾਹਿਬ ਸਬਦ ਆਮ ਉਜਾਗਰ ਸੀ/ਹੈ। ਸੰਤ ਸਬਦ ਬਹੁਤ ਵਰਤੋਂ ਵਿਚ ਨਹੀਂ ਸੀ /ਹੈ। ਹੁਣ ਸੰਤ ਸਬਦ ਬਹੁਤ ਵਰਤੋ ਵਿਚ ਆ ਚੁਕਾ ਹੈ। ਸਾਫ ਪਤਾ ਨਹੀਂ ਚਲਦਾ ਕੀ ਕੌਣ ਸੰਤ ਹੈ ਅਤੇ ਕੌਣ ਅਸੰਤ ਹੈ। ਸਫੇਦ ਕਪੜੇ ਪਾਓਣ ਵਾਲੇ ਸੰਤ ਅਖਵਾਉਂਦੇ ਹਨ। ਦੇਹਧਾਰੀ ਇਤਨੇ ਸੰਤ ਪਦ ਪਾਈ ਬੈਠੇ ਹਨ ਕਿ ਉਹਨਾਂ ਦੀ ਗਿਣਤੀ ਨਹੀਂ ਹੁੰਦੀ। ਅਸਲੀ ਸੰਤ ਦੀ ਪਛਾਣ ਕਰਨਾ ਇਕ ਮੁਸ਼ਕਲ ਕਥਾ ਹੋ ਗਈ ਹੈ।

ਵਾਹਿਗੁਰੂ ਅਕਾਲ ਪੁਰਖ ਨੇ ਕੁਝ ਸੰਤਨ ਦੀ ਡਿਊਟੀ ਲਾ ਰਖੀ ਹੈ। ਓਹਨਾ ਨੂੰ ਨਿਤਾ ਪਰਤ ਗੁਰਬਾਣੀ ਦੀ ਦਾਤ ਬਖਸ਼ੀਸ਼ ਕਰ ਰਖੀ ਹੈ। ਗੁਰਬਾਣੀ ਦੁਆਰਾ ਆਪਣੀਆਂ ਡਿਊਟੀਆਂ ਨਿਬਾਅ ਰਹੇ ਸੰਤਨ ਕੀ ਮਹਿਮਾ ਪਹਿਚਾਨ ਹੈ :-

ੳ) ਅੰਮ੍ਰਿਤ ਪ੍ਰਚਾਰ
ਅ) ਗੁਰਬਾਣੀ ਪ੍ਰਚਾਰ ਕਰਦੇ ਹਨ ਸਹਜ ਪਾਠਾਂ ਅਤੇ ਪਾਵਨ ਅਖੰਡ ਪਾਠਾਂ ਦਾ ਪਰਵਾਹ ਚਲਾਓਂਦੇ ਹਨ।
ੲ) ਕੀਰਤਨ ਪ੍ਰਚਾਰ / ਕਥਾ ਪ੍ਰਚਾਰ ਕਰਦੇ ਹਨ।
ਸ) ਆਪਨੇ ਪੈਰਾਂ ਤੇ ਮੱਥਾ ਨਹੀਂ ਟਿਕਾਉਂਦੇ ਅਤੇ ਮੱਥਾ ਟੇਕਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਣ ਦੀ ਪ੍ਰੇਰਣਾ ਦਿੰਦੇ ਹਨ।


www.AKJ.Org

੬. ਗੋਂਡ ਮਹਲਾ ੫ ਸੰਤ ਗੋਬਿੰਦ ਕੇ ਏਕੈ ਕਾਮ :-
ਇਸ ਪ੍ਰਥਾਇ ਵਾਕ ਬੜਾ ਸਹਜ ਅਤੇ ਸਾਫ਼ ਹੈ॥

ਸੰਤ ਕਾ ਲੀਆ ਧਰਤਿ ਬਿਦਾਰਉ॥ ਸੰਤ ਕਾ ਨਿੰਦਕ ਆਸ ਤੇ ਟਾਰਉ॥
ਸੰਤ ਕਉ ਰਾਖਉ ਆਪਨੇ ਜੀਅ ਨਾਲਿ॥ ਸੰਤ ਉਧਾਰਉ ਤਤਖਿਣ ਤਾਲਿ॥੧॥
ਸੋਈ ਸੰਤ ਜਿ ਭਾਵੈ ਰਾਮ॥ਸੰਤ ਗੋਬਿੰਦ ਕੇ ਏਕੈ ਕਾਮ॥੧॥ ਰਹਾਉ॥ (ਪੰਨਾ ੮੬੭)

7. ਸੰਤਾ ਦੇ ਉਪਕਾਰ ਅਗਵਾਈ ਲਈ ਬਾਣੀ ਵਿਚ ਸਾਫ ਸਾਫ ਹੁਕਮ ਕਰਦੇ ਹਨ:-

ੳ) ਵਿਸਰੁ ਨਾਹੀ ਦਾਤਾਰ ਆਪਣਾ ਨਾਮ ਦੇਹੁ॥
ਗੁਣ ਗਾਵਾ ਦਿਨ ਰਾਤਿ ਨਾਨਕ ਚਾਉ ਏਹੁ॥ (ਪੰਨਾ ੭੬੨)

ਅ) ਕਿਰਪਾ ਨਿਧਾਨ ਨਾਨਕ ਕਉ ਕਰਹੁ ਦਾਤਿ॥
ਨਾਮ ਤੇਰਾ ਜਪੀ ਦਿਨ ਰਾਤਿ॥ (ਪੰਨਾ ੭੬੩/੪੦)

ੲ) ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ॥
ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ॥ (ਪੰਨਾ- ੯੨)

ਸ) ਜਿਨਿ ਜਪਿਆ ਤਿਸ ਕਉ ਬਲਿਹਾਰ॥ ਤਿਸ ਕੈ ਸੰਗਿ ਤਰੈ ਸੰਸਾਰ॥
ਕਹੁ ਨਾਨਕ ਪ੍ਰਭੁ ਲੋਚਾ ਪੂਰਿ॥ ਸੰਤ ਜਨਾ ਕੀ ਬਾਛਹੁ ਧੂਰਿ॥੪॥੨॥ (ਪੰਨਾ ੭੨੩/੭੨੪)

8. ਬਾਣੀ ਗੁਰੂ, ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥
ਗੁਰੁ ਬਾਣੀ ਕਹੈ ਸੇਵਕ, ਜਨੁ ਮਾਨੈ, ਪਰਤਖਿ ਗੁਰੂ ਨਿਸਤਾਰੇ॥ (ਪੰਨਾ ੯੮੨)
ਸੰਤ/ਸਾਧ ਅਖਵਾਓਣਾ ਗੁਰੂ ਪੰਥ ਵਿਚ ਇਕ ਮਨ ਮਤ ਹੈ।

ਜੋ ਅਸਲੀ ਸੰਤ ਸਾਧ ਹਨ ਉਹ ਕੇਵਲ ਅਕਾਲ ਪੁਰਖ ਦੀਆਂ ਡਿਊਟੀਆਂ ਨੂੰ ਨਿਭਾਓਣ ਦੀ ਸੇਵਾ ਕਰਦੇ ਹਨ। ਆਪ ਗੁਪਤ ਰਹਿ ਕੇ ਵੀ ਨਾਮ ਸਿਮਰਨ ਕਰਦੇ ਹਨ। ਮੁਖ ਚਾਰ ਡਿਊਟੀਆਂ ਕਰਦੇ ਹਨ।

ੳ) ਗੁਰਬਾਣੀ ਪੜਨੀ
ਅ) ਗੁਰੂਬਾਣੀ ਸੁਧ ਪੜਾਉਨੀ
ੲ) ਗੁਰੂਬਾਣੀ ਦੇ ਅਰਥ ਸਮਝਾਓਣੇ
ਸ) ਪਿਆਰੀ ਸਾਧ ਸੰਗਤ ਨੂੰਬਾਣੀ ਵਿਚ ਲੀਨ ਕਰਨਾ।
ਹ) ਨਾਮ ਸਿਮਰਨ ਦਾ ਅਭਿਆਸ ਕਰਨਾ।

ਨੋਟ :- ਗੁਰਪੁਰਵਾਸੀ ਭਾਈ ਰਣਧੀਰ ਸਿੰਘ ਜੀ ਨੇ ਸਾਰੇ ਜੀਵਨ ਵਿਚ ਸੰਤ ਪਦ ਨਹੀ ਲਾਇਆ। ਜਦ ਕੇ ਵਾਹਿਗੁਰੂ ਵਲੋਂ, ਉਹ ਬਹੁਤ ਹੀ ਉਚੀ ਸ਼ਖਸ਼ੀਅਤ ਵਾਲੇ ਸਨ। ਨਾਮ ਸਿਮਰਨ ਦੀ ਮਹਿਮਾ ਕਰਕੇ ਅਕਾਲ ਪੁਰਖ ਦੇ ਬਹੁਤ ਨਜਦੀਕ ਸਨ।

---

(ਪੰਨਾ ੨੩ ਦਾ ਬਾਕੀ ...)

ਖੱਲ ਪਾ ਕੇ ਏਹ ਸਬਕ ਸਾਨੂੰ ਸਿਖਾਇਆ ਸੀ। ਜੇ ਅੰਜੇ ਵੀ ਅਸੀਂ ਨਹੀਂ ਜਾਗਣਾ ਚਾਹੁੰਦੇ, ਤੇ ਘੂਕ ਸੁੱਤੇ ਰਹਿਣਾ ਹੀ ਚਾਹੁੰਦੇ ਹਾਂ ਤਾਂ ਏਸ ਤੋਂ ਵਧ ਸਾਡੇ ਮੰਦੇ ਭਾਗ ਹੋਰ ਕੀ ਹੋ ਸਕਦੇ ਹਨ ?

11. ਗੁਰੂ ਦਰਸਾਈ ਤੇ ਦ੍ਰਿੜਾਈ ਮਰਯਾਦਾ ਵਿਚ ਤਾਂ ਤਰਮੀਮ ਹੋ ਹੀ ਨਹੀਂ ਸਕਦੀ। ਨਾ ਹੀ ਕੋਈ ਅਦਲਾ ਬਦਲੀ ਕਰਨ ਦੀ ਗੁੰਜਾਇਸ਼ ਹੀ ਹੈ। ਏਸ ਮਰਯਾਦਾ ਤੇ ਤਾਂ ਬੀਸ ਬਿਸਵੇ ਚੱਲ ਕੇ ਹੀ ਅਸੀਂ ਖਾਲਸਾ ਪੰਥ ਦਾ ਮੁੜ ਕੇ ਵੱਕਾਰ ਇੱਜ਼ਤ ਗੌਰਵ ਤੇ ਸ਼ਾਨੋ ਸ਼ੌਕਤ ਕਾਇਮ ਰੱਖ ਸਕਾਂਗੇ। ਏਹ ਤਾਂ ਗਾਡੀ ਰਾਹ ਹੈ। ਏਸ ਤੋਂ ਕੁਰਾਹੇ ਪੈ ਕੇ ਤਾਂ ਖੇਹ ਖੁਆਰੀ ਤੋਂ ਬਿਨਾਂ ਕੁਝ ਹੱਥ ਨਹੀਂ ਆਉਣਾ।

12. ਆਸ ਹੈ ਕੇ ਆਪ ਜੀ ਤਤਕਾਲ ਹੀ, ਠਿੰਗਰ ਤੇ ਠੋਸ ਕਦਮ ਚੁੱਕੋਗੇ, ਤਾਂ ਕਿ ਸਾਡੀ ਕੌਮ ਨੂੰ ਨਿਘਰਦੀ ਦਸ਼ਾ, ਡਰਾਮੇ-ਬਾਜ਼ੀ, ਵਿਖਾਵਾ, ਝੂਠੀ ਸਿਆਸਤ, ਚੌਧਰੀ ਪੁਣੇ ਤੇ ਧੜੇ ਬਾਜ਼ੀ ਦੇ ਫੋਕੇ ਸੁਆਦਾਂ ਤੇ ਚਸਕਿਆਂ ਤੋਂ ਰਾਹਤ ਮਿਲ ਸਕੇ।


www.AKJ.Org

# ਝੂਠੇ ਪ੍ਰਚਾਰ ਤੋਂ ਸੁਚੇਤ ਹੋਣ ਦੀ ਲੋੜ

ਸੂਰਾ ਮਾਸਿਕ ਪੱਤਰ ਸਮੁੱਚੇ ਅਖੰਡ ਕੀਰਤਨੀ ਜੱਥੇ ਦਾ ਨਿਰੋਲ ਧਾਰਮਿਕ ਪੱਤਰ ਹੈ ਜਿਸਦਾ ਉਦੇਸ਼ ਗੁਰੂ ਆਸ਼ੇ ਅਨੁਸਾਰ ਗੁਰਮਤਿ ਪ੍ਰਚਾਰ ਦੀ ਸਮੱਗਰੀ ਅਤੇ ਹੋਣ ਵਾਲੇ ਕੀਰਤਨ ਸਮਾਗਮਾਂ ਦੀ ਸੂਚਨਾ ਪਾਠਕਾਂ ਤੱਕ ਪਹੁੰਚਾਉਣਾ ਹੈ। 1994 ਤੋਂ ਜਦੋਂ ਤੋਂ ਇਹ ਪੱਤਰ ਦਾ ਪ੍ਰਬੰਧ ਲੁਧਿਆਣੇ ਦੀਆਂ ਸੰਗਤਾਂ ਦੇ ਹੱਥ ਵਿਚ ਆਇਆ ਹੈ ਉਦੋਂ ਤੋਂ ਹੀ ਇਸਦੀ ਨੀਤੀ, ਜੱਥੇ ਵਿਚ ਉਪਜੇ ਧਿਰਾਂ ਦੇ ਵਾਦ-ਵਿਵਾਦ ਤੋਂ ਬਚਕੇ, ਨਿਰਪੱਖ ਰੱਖਣ ਦੀ ਕੋਸ਼ਿਸ਼ ਕੀਤੀ ਗਈ ਹੈ ਤੇ ਅੱਗੋਂ ਤੋਂ ਵੀ ਇਹੀ ਨੀਤੀ ਜਾਰੀ ਰਹੇਗੀ। ਸੂਰਾ ਦੀ ਇਸ ਨਿਰਪੱਖ ਨੀਤੀ ਨੂੰ ਪਸੰਦ ਨਾ ਕਰਨ ਵਾਲੀਆਂ ਕੁਝ ਤਾਕਤਾਂ ਵੱਲੋਂ ਮਾਸਿਕ ਪੱਤਰ ਆਤਮ ਰੰਗ ਦੇ ਅਪ੍ਰੈਲ 2000 ਅੰਕ ਵਿਚ ਸੂਰਾ ਪੱਤਰ ਦੇ ਪ੍ਰਬੰਧਕਾਂ ਉੱਤੇ ਜੋ ਦੋਸ਼ ਲਗਾਏ ਗਏ ਹਨ ਉਹ ਬੇ-ਬੁਨਿਆਦ ਹਨ। ਅੱਜ ਤੱਕ ਸੰਗਤਾਂ ਵੱਲੋਂ ਕੀਰਤਨ ਸਮਾਗਮਾਂ ਦੀ ਜੋ ਵੀ ਸੂਚਨਾ ਸਮੇਂ ਸਿਰ ਪਹੁੰਚੀ ਹੀ ਉਸ ਨੂੰ ਕਦੀ ਇਨਕਾਰ ਨਹੀਂ ਕੀਤਾ ਗਿਆ ਬਲਕਿ ਕਈ ਵਾਰੀ ਕਈ ਕੇਂਦਰੀ ਸਮਾਗਮਾਂ ਦੀ ਸੂਚਨਾ ਉਥੋਂ ਦੇ ਪ੍ਰਬੰਧਕਾਂ ਵੱਲੋਂ ਸੂਰਾ ਨੂੰ ਨਾ ਭੇਜੇ ਜਾਣ ਤੇ ਵੀ ਸੂਰਾ ਪਰਿਵਾਰ ਵੱਲੋਂ ਆਪਣੇ ਵਸੀਲਿਆਂ ਰਾਹੀਂ ਉਹ ਸੂਚਨਾ ਪ੍ਰਾਪਤ ਕਰਕੇ ਸੂਰਾ ਵਿਚ ਛਾਪੀ ਗਈ ਹੈ। ਹਾਂ ਕਿਉਂਕਿ ਇਹ ਪੱਤਰ ਸਮੂਹ ਸੰਗਤਾਂ ਦਾ ਸਾਂਝਾ ਹੈ ਅਤੇ ਇਸ ਦੀ ਨੀਤੀ ਨਿਰਪੱਖ ਹੈ ਇਸ ਲਈ ਇਸ ਕਿਸੇ ਵੀ ਧਿਰ ਦਾ ਨਾਂ ਛਾਪਣ ਤੋਂ ਗੁਰੇਜ਼ ਕੀਤਾ ਗਿਆ ਹੈ ਜਾਂ ਜੱਥੇ ਦੀਆਂ ਆਪੋ ਆਪਣੇ ਨਾਵਾਂ ਥੱਲੇ ਵਿਚਰਨ ਵਾਲੀਆਂ ਦੋਹਾਂ ਧਿਰਾਂ ਵੱਲੋਂ ਇਕੋ ਸ਼ਹਿਰ ਵਿਚ ਇਕੋ ਤਾਰੀਖਾਂ ਵਿਚ ਦੋ ਸਮਾਗਮ ਰੱਖੇ ਜਾਣ ਤੇ ਆਮ ਸੰਗਤਾਂ ਨੂੰ ਭੰਬਲਭੂਸੇ ਤੋਂ ਬਚਾਉਣ ਲਈ ਇਹਨਾਂ ਸਮਾਗਮਾਂ ਨੂੰ ਨਹੀਂ ਛਾਪਿਆ ਜਾਂਦਾ।

ਦੂਸਰੀ ਗੱਲ ਜੋ ਲੇਖਾਂ ਪ੍ਰਤੀ ਕੀਤੀ ਗਈ ਹੈ ਉਸ ਬਾਰੇ ਤਾਂ ਭਾਈ ਜੋਗਿੰਦਰ ਸਿੰਘ ਜੀ ਤਲਵਾੜਾ ਅਤੇ ਭਾਈ ਸੇਵਾ ਸਿੰਘ ਜੀ ਜਾਂ ਇਹਨਾਂ ਨਾਲ ਜੁੜੇ ਹੋਰ ਸਤਿਕਾਰਤ ਲੇਖਕ ਹੀ ਭਲੀ ਪ੍ਰਕਾਰ ਦਸ ਸਕਦੇ ਹਨ ਜਿਨ੍ਹਾਂ ਨੂੰ ਲੇਖ ਭੇਜਣ ਵਾਸਤੇ ਬਾਰ-ਬਾਰ • ਕਈ ਵਾਰ ਲਿਖਤੀ ਅਤੇ ਜ਼ਬਾਨੀ ਬੇਨਤੀਆਂ ਕੀਤੀਆਂ ਜਾਂਦੀਆਂ ਰਹੀਆਂ ਹਨ ਜਾਂ ਪਹਿਲਾਂ ਜਦੋਂ ਪ੍ਰਿੰ: ਗੁਰਮੁਖ ਸਿੰਘ ਲੇਖ ਭੇਜਦੇ ਸਨ ਤਾ ਸੂਰਾ ਦੇ ਅੰਕਾਂ ਵਿਚ ਛਪੇ ਲੇਖ ਇਸ ਗੱਲ ਦਾ ਪ੍ਰਮਾਣ ਹਨ। ਉਲਟਾ ਆਤਮ ਰੰਗ ਨਾਲ ਸੰਬੰਧਿਤ ਕੁਝ ਸੱਜਣਾਂ ਵੱਲੋਂ ਸੂਰਾ ਪੱਤਰ ਨੂੰ ਭੇਜਣ ਵਾਲੇ ਲੇਖਕਾਂ ਦੇ ਲੇਖ ਅਤੇ ਹੋਰ ਸਮੱਗਰੀ ਸੂਰਾ ਤੱਕ ਨਾ ਪਹੁੰਚਣ ਦੇਣਾ, ਸੰਗਤਾਂ ਅਤੇ ਲੇਖਕਾਂ ਵਿਚ ਸੂਰਾ ਪੱਤਰ ਦਾ ਅਕਸ ਖਰਾਬ ਕਰਨ ਦਾ ਯਤਨ ਰਿਹਾ ਹੈ। ਕੈਪਟਨ ਸਵਰਨ ਸਿੰਘ ਜੀ ਦੇ ਲੇਖ 'ਲਹੂ ਵਿਚ ਡੁੱਬੇ ਸੱਤ ਦਿਹਾੜੇ' ਦੀ ਪਹਿਲੀ ਕਿਸ਼ਤ ਅਤੇ ਭਾਈ ਮੱਖਣ ਸਿੰਘ ਜੀ ਦਿੱਲੀ ਵਾਲਿਆਂ ਦੇ ਅਕਾਲ ਚਲਾਣੇ ਪਿਛੋਂ ਉਨ੍ਹਾਂ ਦੀ ਫੋਟੋ ਸੂਰਾ ਤੱਕ ਨਾ ਪਹੁੰਚਾਉਣੀ ਇਸ ਗੱਲ ਦੀਆਂ ਤਾਜ਼ਾਂ ਮਿਸਾਲਾ ਹਨ।

*ਸੂਰਾ ਪਰਿਵਾਰ ਦਾ ਮਨੋਰਥ ਇਹ ਗੱਲਾਂ ਲਿਖ ਕੇ ਕਿਸੇ ਅਖਬਾਰੀ ਜੰਗ ਵਿਚ ਪੈਣਾ ਨਹੀਂ ਹੈ ਪ੍ਰੰਤੂ ਪਿਛਲੇ ਕਾਫ਼ੀ ਸਮੇਂ ਤੋਂ ਸੂਰਾ ਪੱਤਰ ਉੱਤੇ ਹੋ ਰਹੇ ਗੁੱਝੇ ਹਮਲਿਆਂ, ਸੂਰਾ ਪੱਤਰ ਦੇ ਬੰਦ ਹੋ ਜਾਣ ਦੀਆਂ ਝੂਠੀਆਂ ਅਫਵਾਹਾਂ ਕੀਰਤਨ ਸਮਾਗਮਾਂ ਉੱਤੇ ਸੂਰਾ ਸਟਾਲ ਤੇ ਸੇਵਾਦਾਰਾਂ ਨਾਲ ਲੜਾਈ ਝਗੜਾ ਅਤੇ ਸਟਾਲ ਨਾ ਲਗਾਉਣ ਦੇਣ ਦੀਆਂ ਕੋਸ਼ਿਸ਼ਾਂ ਅਤੇ ਹੁਣ ਲਿਖਤੀ ਰੂਪ ਵਿਚ ਸੂਰਾ ਦੇ ਪ੍ਰਬੰਧਕਾਂ ਖਿਲਾਫ਼ ਗਲਤ ਪ੍ਰਚਾਰ ਨਾਲ ਸੰਗਤਾਂ ਨੂੰ ਗੁੰਮਰਾਹ ਕਰਨ ਦੇ ਯਤਨਾਂ ਕਰਕੇ ਇਹ ਕੁਝ ਲਿਖਣ ਲਈ ਮਜਬੂਰ ਹੋਏ ਹਾਂ।* ਸੋ ਸਮੂਹ ਸੰਗਤਾਂ ਪ੍ਰਤੀ ਬਿਨੈ ਹੈ ਕਿ ਉਹ ਸੂਰਾ ਸੰਬੰਧੀ ਕਿਸੇ ਵੀ ਗਲਤ ਪ੍ਰਚਾਰ ਤੋਂ ਸੁਚੇਤ ਰਹਿਣ। ਕੋਈ ਵੀ ਸੱਜਣ ਕਿਸੇ ਪ੍ਰਚਾਰ ਕਾਰਨ ਸੂਰਾ ਪ੍ਰਤੀ ਉਪਜਿਆ ਸ਼ੰਕਾ ਸੂਰਾ ਦੇ ਪ੍ਰਬੰਧਕਾਂ ਨੂੰ ਮਿਲਕੇ ਵਿਚਾਰ ਸਕਦਾ ਹੈ। ਆਤਮ ਰੰਗ ਨਾਲ ਜੁੜੀਆਂ ਜਾਂ ਜੋੜੀਆਂ ਗਈਆਂ ਜੱਥੇ ਦੀਆਂ ਨਾਮਵਰ ਸਖਸ਼ੀਅਤਾਂ ਨੂੰ ਬੇਨਤੀ ਹੈ ਕਿ ਧਰਮ ਪ੍ਰਚਾਰ ਦੇ ਨਾਂ ਹੇਠ ਜਾਰੀ ਹੋਏ ਪਰਚੇ ਵਿਚ ਇਸ ਤਰ੍ਹਾਂ ਦੇ ਝੂਠੇ ਪ੍ਰਚਾਰ ਦੀ ਨਿਖੇਧੀ ਕਰਨ ਅਤੇ ਆਪਣੇ ਆਪ ਨੂੰ ਇਸ ਨਾਲੋਂ ਵੱਖ ਕਰ ਲੈਣ।

***ਸਮੂਹ ਪਾਠਕਾਂ, ਲੇਖਕਾਂ ਅਤੇ ਸੰਗਤਾਂ ਪ੍ਰਤੀ ਬੇਨਤੀ ਹੈ ਕਿ ਸੂਰਾ ਪੱਤਰ ਵਿਚ ਛਪਵਾਉਣ ਲਈ ਕੋਈ ਲੇਖ, ਕੀਰਤਨ ਸਮਾਗਮ ਜਾਂ ਹੋਰ ਸਮੱਗਰੀ ਸਿੱਧੀ ਸੂਰਾ ਦਫ਼ਤਰ ਭੇਜੋ ਜਾਂ ਕੀਰਤਨ ਸਮਾਗਮਾਂ ਤੇ ਸੂਰਾ ਸਟਾਲ ਤੇ ਪਹੁੰਚਾਓ ਜੀ। ਛਪਣ ਵਾਲੀ ਕੋਈ ਵੀ ਸਮੱਗਰੀ ਹਰ ਮਹੀਨੇ 15 ਤਾਰੀਖ ਤੋਂ ਪਹਿਲਾਂ ਭੇਜ ਦਿਓ ਤਾਂ ਕਿ ਉਸ ਨੂੰ ਯੋਗ ਸਥਾਨ ਦਿੱਤਾ ਜਾ ਸਕੇ।***

ਦਾਸਰੇ :- ਸਮੂਹ ਮੈਂਬਰ ਸੂਰਾ ਪਰਵਾਰ


www.AKJ.Org

# ਗੁਰਮਤਿ ਅਧਿਆਤਮ ਕਰਮ ਫ਼ਿਲਾਸਫ਼ੀ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਲੜੀ ਜੋੜਨ ਲਈ ਸੂਰਾ ਅਪ੍ਰੈਲ ੨੦੦੦ ਦੇਖੋ

## ੨੯ -ਗੁਰਮੁਖਿ ਕਰਮ ਪਰਧਾਨ

ਗੁਰਮੁਖਿ ਕਰਮ ਧਰਮ ਸਚਿ ਹੋਈ॥ ਗੁਰਮੁਖਿ ਅਹੰਕਾਰੁ ਜਲਾਏ ਦੋਈ॥
ਗੁਰਮੁਖਿ ਨਾਮਿ ਰਤੇ ਸੁਖੁ ਹੋਈ॥੩॥.......
ਮਨਮੁਖਿ ਡੰਫੁ ਬਹੁਤੁ ਚਤੁਰਾਈ॥ ਜੋ ਕਿਛੁ ਕਮਾਵੈ ਸੋ ਥਾਇ ਨ ਪਾਈ॥
ਆਵੈ ਜਾਵੈ ਠਉਰ ਨ ਕਾਈ॥੫॥
ਮਨਮੁਖ ਕਰਮ ਕਰੇ ਬਹੁਤੁ ਅਭਿਮਾਨਾ॥ ਬਗ ਜਿਉ ਲਾਇ ਬਹੈ ਨਿਤ ਧਿਆਨਾ॥
ਜਮਿ ਪਕੜਿਆ ਤਬ ਹੀ ਪਛੁਤਾਨਾ॥੬॥
ਬਿਨੁ ਸਤਿਗੁਰ ਸੇਵੇ ਮੁਕਤਿ ਨ ਹੋਈ॥ ਗੁਰ ਪਰਸਾਦੀ ਮਿਲੈ ਹਰਿ ਸੋਈ॥
ਗੁਰੁ ਦਾਤਾ ਜੁਗ ਚਾਰੇ ਹੋਈ॥੭॥
ਗੁਰਮੁਖਿ ਜਾਤਿ ਪਤਿ ਨਾਮੇ ਵਡਿਆਈ॥ ਸਾਇਰ ਕੀ ਪੁਤ੍ਰੀ ਬਿਦਾਰਿ ਗਵਾਈ॥
ਨਾਨਕ ਬਿਨੁ ਨਾਵੈ ਝੂਠੀ ਚਤੁਰਾਈ॥੮॥੨॥ (ਗਉੜੀ ਮ: ੩, ਪੰਨਾ ੨੩੦)

ਵਿਆਖਿਆ - ਗੁਰਮੁਖਾਂ ਦੇ ਕਰਮ ਧਰਮ ਬਾਰੇ ਨਾਮ ਰੂਪੀ ਸੱਤਿਤਾ ਤੱਤਤਾ ਦੇ ਪ੍ਰਾਇਣ ਹੀ ਹੁੰਦੇ ਹਨ। ਏਸ ਨਾਮ ਰੂਪੀ ਤੱਤਤਾ ਸੱਤਿਤਾ ਦੇ ਅਧੀਨ ਕਰਮ ਧਰਮ ਕਰਦੇ ਹੋਏ ਗੁਰਮਖਾਂ ਨੂੰ ਹਉਮੈ ਦੀ ਮੈਲ ਨਹੀਂ ਵਿਆਪਦੀ। ਗੁਰਮੁਖਾਂ ਦੀ ਕਰਮ-ਧਰਮੀ ਨਾਮ ਕਮਾਈ ਵਾਲੀ ਪਾਰਸ-ਕਲਾ ਅਹੰਕਾਰ ਨੂੰ ਜਲਾ ਦਿੰਦੀ ਹੈ ਅਤੇ ਨਾਮ ਤੋਂ ਬਿਨਾ ਹੋਰ ਦੂਜੇ ਭਾਵ ਦੇ ਸੰਸਕਾਰਾਂ ਨੂੰ ਸਾੜ ਸਿਟਦੀ ਹੈ। ਨਾਮ ਅਭਿਆਸ ਕਮਾਈ ਕਰਦਿਆਂ ਹੋਇਆਂ ਨਾਮ ਅਭਿਆਸ ਰੂਪੀ ਕਰਮ ਕਮਾਵਨਹਾਰੇ ਗੁਰਮੁਖਿ ਜਨ ਨਾਮ ਦੇ ਰੰਗਾਂ ਵਿਚਿ ਰੱਤੇ ਜਾਂਦੇ ਹਨ, ਇਹ ਰੰਗ-ਰਹੱਸ ਵਾਲੀ ਆਤਮ-ਅਵਸਥਾ ਪਰਮ ਸੁਖਦਾਈ ਹੁੰਦੀ ਹੈ। ਇਸ ਕਰਕੇ ਜੇ ਸੱਚਾ ਸੁਖ ਪ੍ਰਾਪਤਿ ਹੈ ਤਾਂ ਨਾਮ ਅਭਿਆਸ ਰੂਪੀ ਪਰਧਾਨ ਕਰਮ ਕਰਨਹਾਰਿਆਂ ਗੁਰਮੁਖਾਂ ਨੂੰ ਹੀ ਪ੍ਰਾਪਤ ਹੈ। ਹੋਰ ਕਿਸੇ ਅਨਮਤ ਕਰਮ ਕਰਨਹਾਰੇ ਨੂੰ ਪ੍ਰਾਪਤਿ ਨਹੀਂ, ਭਾਵੇਂ ਉਹ ਸਾਰੀ ਉਮਰ ਕਰ ਕਰ ਕੇ ਹੰਭ ਥੱਕੇ। ਕਿਉਂਕਿ ਆਨਮਤ ਕਰਮਾਂ ਦੇ ਕਰਨਹਾਰੇ ਦਾ ਮਨ ਕਦੇ ਭੀ ਨਹੀਂ ਪਰਬੋਧਿਆ ਜਾ ਸਕਦਾ। ਮਨ ਪਰਬੋਧਿਆ ਜਾ ਸਕਦਾ ਹੈ ਤਾਂ ਗੁਰਮੁਖਿ ਪਰਧਾਨ ਕਰਮ ਦੁਆਰਾ ਹੀ ਪਰਬੋਧਿਆ ਜਾ ਸਕਦਾ ਹੈ।

ਮਨੁ ਪਰਬੋਧਹੁ ਹਰਿ ਕੈ ਨਾਇ॥ ਦਹਦਿਸਿ ਧਾਵਤ ਆਵੈ ਠਾਇ॥੩॥
(੮॥੧੯) ਗਉੜੀ ਸੁਖਮਨੀ ਮ: ੫, ਪੰਨਾ ੨੮੮)

ਮਨਮੁਖ ਜਿਤਨੇ ਕਰਮ ਕਰਦੇ ਹਨ ਸੋ ਚਤੁਰਾਈ ਮਨਮੁਖਤਾਈ ਦੇ ਅਧੀਨ ਹੋ ਕੇ ਕਮਾਉਂਦੇ ਹਨ ਅਤੇ ਡਿੰਭ ਧਾਰ ਕੇ ਕਰਦੇ ਹਨ। ਤਾਂਤੇ ਜੇਹੜੇ ਕਰਮ ਭੀ ਉਹ ਕਰਦੇ ਹਨ ਓਹ ਕਿਸੇ ਲੇਖੇ ਭੀ ਨਹੀਂ ਪੈਂਦੇ, ਕਿਸੇ ਠਿਕਾਣੇ ਨਹੀਂ ਲਗਦੇ। ਆਨਮਤ ਕਰਮ ਕਰਨਹਾਰੇ ਮਨਮੁਖਾਂ ਨੂੰ ਕਿਤੇ ਭੀ ਠਉਰ ਠਿਕਾਣਾ ਨਹੀਂ ਮਿਲਦਾ। ਆਵਾਗਉਣ ਵਿਚਿ ਹੀ ਪਏ ਘੁੰਮਦੇ ਹਨ। ਮਨਮੁਖੀ ਕਰਮ ਕਰਨ ਨਾਲਿ ਅਭਿਮਾਨ ਹੀ ਵਧਦਾ ਹੈ, ਜਿਉਂ ਜਿਉਂ ਮਨਮੁਖੀ ਕਰਮ ਕੀਤੇ ਜਾਂਦੇ ਹੈਨ ਤਿਉਂ ਤਿਉਂ ਹੋਰ ਵਧੇਰਾ ਅਭਿਮਾਨ ਵਧਦਾ ਜਾਂਦਾ ਹੈ। ਡਿੰਭੀ ਕਰਮ ਕੀਤਿਆਂ ਭੀ ਨਿਰਾ ਅਹੰਕਾਰ ਹੀ ਵਧਦਾ ਹੈ, ਸਰਦਾ ਕੁਛ ਨਹੀਂ। ਡਿੰਭੀ ਪੁਰਖ ਬਗਲੇ ਵਾਗੂੰ ਧਿਆਨ ਜਮਾ ਕੇ ਬਥੇਰੀਆਂ ਬ਼ਗਲ-ਸਮਾਧੀਆਂ ਲਾਉਂਦੇ ਹਨ, ਪਰ ਲਗਦੀਆਂ ਨਹੀਂ ਕਿਉਂਕਿ ਮਨ ਓਹਨਾਂ ਦਾ ਠਿਕਾਣੇ ਨਹੀਂ ਹੁੰਦਾ। ਅਜਿਹੇ ਬਗਲ-ਸਮਾਧ ਕਰੰਮੀਆਂ ਨੂੰ ਅਗੇ ਜਾ ਕੇ ਜਮਾਂ ਦੀ ਹੀ ਮਾਰ ਪੈਂਦੀ ਹੈ ਜਦੋਂ ਉਹ ਜਮ ਦੇ ਫੇੜੇ ਫਸਦਾ ਹੈ ਤਾਂ ਆਪਣੇ ਕੀਤੇ ਪਾਖੰਡ ਕਰਮਾਂ ਉਤੇ ਪਛੋਤਾਉ ਕਰਦਾ ਹੈ। ਪਰ ਫੇਰ ਪਛੁਤਾਇਆਂ ਕੀ ਬਣਦਾ ਹੈ ? ਸਤਿਗੁਰੂ ਦ੍ਰਿੜ੍ਹਾਏ ਕਰਮ ਕੀਤਿਆਂ ਬਿਨਾਂ ਮੁਕਤਿ ਕਿਸੇ ਦੀ ਨਹੀਂ ਹੁੰਦੀ। ਜਿਨ੍ਹਾਂ ਉਤੇ ਗੁਰੂ ਦੀ ਪ੍ਰਸਾਦਿ ਰੂਪੀ ਕਿਰਪਾ ਖਾਸ ਹੁੰਦੀ ਹੈ ਓਹਨਾਂ ਨੂੰ ਵਾਹਿਗੁਰੂ ਦਾ ਮਿਲਾਪ



www.AKJ.Org

ਹੁੰਦਾ ਹੈ। ਚੌਹਾਂ ਜੁਗਾਂ ਅੰਦਰਿ ਗੁਰੂ ਹੀ ਮੁਕਤੀ ਦਾ ਦਾਤਾ ਹੈ। ਗੁਰਮੁਖਾਂ ਦੀ ਜਾਤਿ ਭੀ ਤੇ ਪਾਤਿ ਭੀ ਕੇਵਲ ਨਾਮ ਹੀ ਹੈ। ਨਾਮ ਦੁਆਰਾ ਹੀ ਸੱਚੀ ਵਡਿਆਈ ਗੁਰਮੁਖਾਂ ਨੂੰ ਮਿਲਦੀ ਹੈ। ਤਿਨ੍ਹਾਂ ਨਾਮ ਵਡਾਈ ਵਾਲੇ ਗੁਰਮੁਖਾਂ ਨੇ ਮਾਇਆ (ਸਮੁੰਦਰ ਦੀ ਧੀ) ਨੂੰ ਮਾਰ ਕੇ ਚਕਨਾਚੂਰ ਕਰ ਛਡਿਆ ਹੈ। ਨਾਮ ਬਿਨਾਂ ਹੋਰ ਕਰਮ-ਕਾਂਡੀਆਂ ਦੀ ਸਭ ਚਤੁਰਾਈ ਝੂਠੀ ਹੀ ਝੂਠੀ ਸਾਬਤ ਹੋਈ ਹੈ।

ਜੋ ਜਨ ਗਾਇ ਧਿਆਇ ਜਸੁ ਠਾਕੁਰ ਤਾਸੁ ਪ੍ਰਭੂ ਹੈ ਥਾਨਾਨਾਂ॥
ਤਿਹ ਬਡਭਾਗ ਬਸਿਓ ਮਨਿ ਜਾ ਕੈ ਕਰਮ ਪ੍ਰਧਾਨ ਮਥਾਨਾਨਾ॥੩॥
(੪॥੨੩॥੭੪) ਗਉੜੀ ਕਬੀਰ ਜੀ, ਪੰਨਾ ੩੩੯

ਵਿਆਖਿਆ- ਜਿਹੜੇ ਗੁਰਮੁਖ ਜਨ ਠਾਕੁਰ ਦਾ ਜਸੁ ਗਾਉਂਦੇ ਹਨ ਅਤੇ ਠਾਕੁਰ ਨੂੰ ਧਿਆਉਂਦੇ ਹਨ ਤਿਨ੍ਹਾਂ ਦਾ ਗਾਇਨ ਧਿਆਇਨ ਵਾਲਾ ਕਰਮ ਤਿਨ੍ਹਾਂ ਨੂੰ ਸਿੱਧੇ ਪ੍ਰਭੂ ਦੇ ਠਾਉਰ ਮੁਕਾਮ ਤੇ ਪਹੁੰਚਾ ਦਿੰਦਾ ਹੈ। ਜਿਨ੍ਹਾਂ ਦੇ ਮਸਤਕ ਵਿਖੇ ਇਹ ਗੁਰਮੁਖ ਕਰਮ ਪ੍ਰਧਾਨ ਲਿਖਿਆ ਹੋਇਆ ਹੁੰਦਾ ਹੈ ਤੇ ਜਨ ਬੜੇ ਹੀ ਵਡਿਭਾਗੀ ਹੁੰਦੇ ਹਨ। ਤਿਨ੍ਹਾਂ ਦੇ ਮਨ ਅੰਦਰਿ ਮੁਢ ਤੋਂ ਹੀ "ਖੁਲਿਓ ਕਰਮ ਭਇਓ ਪ੍ਰਗਾਸਾ" (ਸਾਰੰਗ ਮ: ੫, ਪੰਨਾ ੧੨੧੨) ਵਾਲੀ ਗੁਰਮਤਿ ਬਿਧਿ ਪ੍ਰਾਪਤਿ ਹੋਣ ਦੇ ਸਮੇਂ ਤੋਂ ਹੀ ਵਾਹਿਗੁਰੂ ਵਸਿਆ ਹੋਇਆ ਹੁੰਦਾ ਹੈ। ਗੁਰਮੁਖਿ ਪਰਧਾਨ ਕਰਮ ਕਰਦਿਆਂ ਕਰਦਿਆਂ ਜਦੋਂ ਬਾਹਰਿ ਭੀਤਰ ਵਾਹਿਗੁਰੂ ਜੋਤੀ ਸਰੂਪ ਜੋਤਿ ਪ੍ਰਕਾਸ਼ੀਆ ਉਜਿਆਰਾ ਹੀ ਉਜਿਆਰਾ ਹੋ ਜਾਂਦਾ ਹੈ ਤਿਸ ਅਵਸਥਾ ਵਿਖੇ ਇਹ ਅੰਤਮ ਸਿੱਟਾ ਅੰਕੂਰਤ ਹੁੰਦਾ ਹੈ ਕਿ ਗੁਰਮੁਖ ਪਰਧਾਨ ਕਰੰਮੀਆਂ ਦੇ ਕੀਤੇ ਪੁਰਬਲੇ ਸਾਰੇ ਹੀ ਕਰਮਾਂ ਦਾ ਨਾਸ ਹੋ ਜਾਂਦਾ ਹੈ। ਯਥਾ ਗੁਰਵਾਕ :-

ਬਾਹਰਿ ਭੀਤਰਿ ਭਇਆ ਪ੍ਰਗਾਸੁ॥ਤਬ ਹੂਆ ਸਗਲ ਕਰਮ ਕਾ ਨਾਸੁ॥੭॥
(ਗਉੜੀ ਵਾਰ ਕਬੀਰ ਜੀਉ ਕੇ, ਪੰਨਾ ੩੪੪)

ਗੁਰਮੁਖ ਪਰਧਾਨ ਕਰਮ ਦੀ ਵੰਨਗੀ ਇਸ ਅਗਲੇਰੇ ਗੁਰਵਾਕ ਅੰਦਰਿ ਦਿਤੀ ਜਾਂਦੀ ਹੈ-

ਕਰਮ ਕਰਤੂਤਿ ਬੇਲਿ ਬਿਸਥਾਰੀ ਰਾਮ ਨਾਮੁ ਫਲੁ ਹੂਆ।
ਤਿਸੁ ਰੂਪੁ ਨ ਰੇਖ ਅਨਾਹਦੁ ਵਾਜੈ ਸਬਦੁ ਨਿਰੰਜਨਿ ਕੀਆ॥੧॥
ਕਰੇ ਵਖਿਆਣੁ ਜਾਣੈ ਜੇ ਕੋਈ॥ ਅੰਮ੍ਰਿਤੁ ਪੀਵੈ ਸੋਈ॥੧॥ ਰਹਾਉ॥
ਜਿਨ੍ ਪੀਆ ਸੇ ਮਸਤ ਭਏ ਹੈ ਤੂਟੇ ਬੰਧਨ ਫਾਹੇ॥
ਜੋਤੀ ਜੋਤਿ ਸਮਾਣੀ ਭੀਤਰਿ ਤਾ ਛੋਡੇ ਮਾਇਆ ਕੇ ਲਾਹੇ॥੨॥
ਸਰਬ ਜੋਤਿ ਰੂਪੁ ਤੇਰਾ ਦੇਖਿਆ ਸਗਲ ਭਵਨ ਤੇਰੀ ਮਾਇਆ॥
ਰਾਰੈ ਰੂਪਿ ਨਿਰਾਲਮੁ ਬੈਠਾ ਨਦਰਿ ਕਰੇ ਵਿਚਿ ਛਾਇਆ॥੩॥
ਬੀਣਾ ਸਬਦੁ ਵਜਾਵੈ ਜੋਗੀ ਦਰਸਨਿ ਰੂਪਿ ਅਪਾਰਾ॥
ਸਬਦਿ ਅਨਾਹਦਿ ਸੋ ਸਹੁ ਰਾਤਾ ਨਾਨਕੁ ਕਹੈ ਵਿਚਾਰਾ॥੪॥੮॥(ਆਸਾ ਮ: ੧, ਪੰਨਾ ੩੫੧)

ਵਿਆਖਿਆ- ਨਿਰੰਜਨ ਨਿਰੰਕਾਰ ਵਾਹਿਗੁਰੂ ਨੇ ਆਪਣੀ ਕਰਣਾ ਮਈ ਨਿਰਜਨਤਾ ਵਰਤਾ ਕੇ ਗੁਰੂ ਨਾਨਕ ਨਿਰੰਕਾਰੀ ਦੁਆਰਾ ਨਿਰੰਕਾਰੀ ਨਾਮ ਰੂਪੀ ਸ਼ਬਦ ਗੁਰਸਿਖਾਂ, ਪਰਮਾਰਥ ਦੇ ਪਾਤਰ ਗੁਰਮੁਖਾਂ ਦੇ ਕਰਮ ਕਮਾਵਣ ਲਈ ਉਤਪਤ ਕੀਤਾ। ਗੁਰੂ ਨਾਨਕ ਨਿਰੰਕਾਰੀ ਨੇ ਜਿਨ੍ਹਾਂ ਜਿਨ੍ਹਾਂ ਪਾਤਰ ਗੁਰਮੁਖਾਂ ਦੀਆਂ ਰਿਦੇ ਰੂਪ ਭੂਮੀਆਂ ਅੰਦਰਿ ਇਸ ਨਿਰੰਕਾਰੀ ਸ਼ਬਦ ਦਾ ਬੀਜ ਬੋਇਆ, ਓਹਨਾਂ ਰਿਦੇ ਰੂਪ ਭੂਮੀਆਂ ਅੰਦਰ ਨਿਰੰਕਾਰ ਕਰਮਾਂ ਮਈ ਸ੍ਰੇਸ਼ਟ ਕਰਤੂਤਾਂ, ਦੀ ਬੇਲ ਪਰਫੁਲਤ ਹੋ ਕੇ ਪੁੰਗਰੀ ਜਿਸ ਬੇਲ ਨੂੰ "ਫੂਲ ਲਗੇ ਫਲ ਰਤਨ ਭਾਂਤਿ" ਬਸੰਤੁ ਮ: ੫ ਘਰੁ ੧, ਪੰਨਾ ੧੧੮੦ ਰਸ ਜੋਤਿ ਪ੍ਰਕਾਸ਼ੀ ਫੁਲ ਫਲ ਲਗੇ। ਪਰ ਇਹ ਬੇਲ ਕਰਮ ਕਰਤੂਤ ਦੁਆਰਾ ਬਿਸਥਾਰੀ ਗਈ। ਗੁਰਸਿਖਾਂ ਦੇ ਰਿਦੇ ਰੂਪੀ ਭੂਮੀ ਅੰਦਰਿ ਅੰਮ੍ਰਿਤ ਬੀਜ ਜੋ ਸੰਚਰਿਆ ਗਿਆ, ਉਸ ਨੂੰ ਸ਼ੁਭ ਅਤੇ ਸ੍ਰੇਸ਼ਟ ਕਰਨੀਆਂ ਦੁਆਰਾ ਦਿਨ ਰਾਤ ਦੀਆਂ ਅਟੁਟ ਅਭਿਆਸ ਕਰਮਨੀਆਂ ਕਰਿ ਕਰਿ ਕੇ ਸਬਜ਼ਾਇਆ ਕਿ ਹਿਰਦੇ ਅੰਦਰਿ ਹੀ ਉਸ ਅੰਮ੍ਰਿਤ ਬੀਜ ਤੋਂ ਪਾਰਜਾਤੀ ਬਿਰਖ ਉਗਵ ਖਲੋਇਆ। ਜਿਸ ਨੂੰ ਜੋਤਿ ਰਤਨ ਭਾਂਤੀ ਅਤੇ ਰਸ ਪ੍ਰਕਾਸ਼ ਕ੍ਰਾਂਤੀ ਫਲ ਫੁਲ ਲਗੇ। ਰਿਦ ਅੰਤਰ ਸੰਚਰੇ ਅੰਮ੍ਰਿਤ ਨਾਮ ਰੂਪੀ


www.AKJ.Org

ਬੀਜ ਨੂੰ ਸੁਆਸ ਅਭਿਆਸੀ ਸੁਰਤਿ ਸ਼ਰਦਾਸੀ ਕਮਾਈਆਂ ਕਰਨ ਕਰਕੇ ਪੁੰਗਰਾਇਆ। ਇਹ ਗੁਰਮਤਿ ਸ਼ਬਦ ਅਭਿਆਸੀ ਐਸਾ ਅਮਰ ਕਰਤੂਤੀ ਕਰਤ ਹੈ, ਐਸਾ ਪਾਰਸ-ਪਰਭੂਤੀ ਪ੍ਰੀਸ਼ਰਮਮ ਹੈ ਕਿ ਜਿਉਂ ਜਿਉਂ ਇਸ ਦੀ ਅਭਿਆਸ ਕਮਾਈ ਵਧਾਓ ਤਿਉਂ ਤਿਉਂ ਇਸਦੀ ਜੋਤਿ-ਪਾਰਸਣੀ- ਆਭਾ ਹਿਰਦੇ ਅੰਦਰਿ, ਫੇਰ ਅੰਦਰਿ ਬਾਹਰ ਅੱਤ ਜਲਾਲ ਜਲਵਨੀ ਚਾਂਦਨੇ ਦੇ ਰੂਪ ਵਿਚ ਦਿਨੋਂ ਦਿਨ ਵੱਧ ਤੋਂ ਵੱਧ ਵਧੇਰੇ ਤੋਂ ਵਧੇਰੇ ਪ੍ਰਕਾਸ਼ ਵਿਚ ਪਸਰਦੀ ਚਲੀ ਜਾਂਦੀ ਹੈ। ਰਾਮ ਅਤੇ ਨਾਮ ਐਨ ਇਕਮਿੱਕਤਾ ਪਰਤੱਖ ਸਨਮੁਖਤਾ ਵਿਚ ਡਲ੍ਹ ਡਲ੍ਹ ਕਰਦੇ ਜੋਤਿ ਪ੍ਰਕਾਸ਼ੀ ਡਲ੍ਹਕਾਂ ਮਾਰਨ ਲਗ ਪੈਂਦੇ ਹਨ। ਤਿਸ ਜੋਤਿ ਡਲ੍ਹਕਰਨੀ ਓਤ ਪੋਤੀ ਜੋਤਿ ਉਦੋਤੀ ਰਾਮ ਨਾਮ ਦਾ ਸਰਗੁਣ ਰੂਪ ਰੇਖ ਨਹੀਂ ਹੁੰਦਾ। ਨਿਰਗੁਣ ਨਿਰੰਜਨੀ ਜੋਤਿ-ਨਜ਼ਾਰਾ ਨਿਰੰਕਾਰੀ ਆਭਾ ਵਿਚ ਡਲ੍ਹਕਾਂ ਮਾਰਨ ਲਗ ਪੈਂਦਾ ਹੈ। ਅਜਿਹੇ ਜੋਤਿ-ਨਿਰੰਕਾਰੀ ਰੰਗਾਂ ਵਿਚਿ ਨਾਮ ਅਭਿਆਸ ਕਰਮੀ ਗੁਰਮੁਖ ਜਨਾਂ ਦੇ ਦਸਮੇਂ ਦੁਆਰ ਅੰਦਰਿ ਅਨਹਦ ਸ਼ਬਦ ਵਜਣ ਲਗ ਪੈਂਦੇ ਹਨ। ਜਿਸ ਅਮਿਉ ਪਾਰਸ ਪ੍ਰਭਾਵਨੀ ਅੰਮ੍ਰਿਤ ਕਰੰਮਨੀ ਸੁਧਾ ਸਫਲਨੀ ਬੇਲ ਬਿਸਥਾਰਤਾ ਦਾ ਇੰਨ ਬਿੰਨ ਬਿਆਨ ਵਖਿਆਨ ਹੋਣਾ ਅਤੀ ਅਸੰਭਵ ਹੈ। ਜੋ ਕੋਈ ਇਸ ਅਵਸਥਾ ਦਾ ਜਾਣੂ ਹੋਵੇ, ਸੋਈ ਨਿਰਣਾਵੇ ਤਾਂ ਨਿਰਣਾਵੇ, ਵਖਿਆਨਾਵੇ ਤਾਂ ਵਖਿਆਨਾਵੇ। ਉਸ ਦੇ ਭੀ ਕਹਿਣ ਕਥਨ ਗੋਚਰੀ ਨਹੀਂ ਰਹਿੰਦੀ, ਅੰਮ੍ਰਿਤ ਦੇ ਗਟਾਕ ਪੀ ਪੀ ਕੇ ਓਹ ਅਲਮਸਤ ਹੀ ਹੋ ਰਹਿੰਦੇ ਹਨ। ਤਿਨ੍ਹਾਂ ਅੰਮ੍ਰਿਤ-ਨਾਮ ਅਲਮਸਤੀਆਂ ਦੇ ਬੰਧਨ ਰੂਪੀ ਫਾਹੇ ਸਭ ਟੁਟ ਜਾਂਦੇ ਹਨ। ਜੋਤੀਸ਼ ਪਰਮਾਤਮਾ ਤਿਨ੍ਹਾਂ ਦੇ ਘਟ ਅੰਦਰਿ ਹੀ ਪ੍ਰਕਾਸ਼ਤ ਹੋ ਕੇ ਤਿਨ੍ਹਾਂ ਦੀ ਆਤਮਾ ਨਾਲਿ ਅਭੇਦ ਹੋ ਜਾਂਦਾ ਹੈ। ਘਟ ਭੀਤਰਿ ਜੋਤੀਸ਼ ਨਾਲਿ ਜੋਤਿ ਸਮਾ ਜਾਂਦੀ ਹੈ। ਇਹ ਇਕ ਅਕਹਿ ਜਲਵਾ ਸਦ ਸਦੀਵੀ ਹੁੰਦਾ ਹੈ ਇਸ ਸੱਚੇ ਜੋਤਿ ਅਨੰਦੀ ਲਾਹੇ ਨੂੰ ਲੈ ਕੇ ਓਹ ਜੋਤਿ ਵਿਗਾਸੀ, ਰਸ ਕਰਮ ਪ੍ਰਕਾਸ਼ੀ ਗੁਰਮੁਖ ਜਨ ਹੋਰਨਾਂ ਮਾਯਾਵੀ ਲਾਹਿਆਂ ਦੀ ਕੀ ਪਰਵਾਹ ਰਖਦੇ ਹਨ। ਮਾਇਆ ਦੇ ਲਾਹੇ ਤਿਨ੍ਹਾਂ ਨੇ ਉਕੇ ਹੀ ਤਿਆਗ ਦਿਤੇ ਹੁੰਦੇ ਹਨ। ਤਿਨ੍ਹਾਂ ਦੀ ਦ੍ਰਿਸ਼ਟੀ ਅੰਦਰਿ, ਸਾਰੇ ਅੰਦਰਿ ਬਾਹਰ ਘਟਾਂ ਅਵਘਟਾਂ ਖੰਡਾਂ ਬ੍ਰਹਿਮੰਡਾਂ ਅੰਦਰਿ ਇਕ ਜੋਤੀਸ਼ ਪਰਮਾਤਮਾ ਦੀ ਜੋਤਿ ਦਾ ਨਜ਼ਾਰਾ ਹੀ ਪਸਰਿਆ ਹੋਇਆ ਦਿਖਾਈ ਦਿੰਦਾ ਹੈ। ਉਸਦੀ ਪਸਰੀ ਮਾਇਆ ਦੇ ਸਗਲ ਭਵਨਾਂ ਅੰਦਰਿ ਭੀ ਇਕੋ ਪਰਮਾਤਮ ਜੋਤਿ ਦਾ ਜਲਵਾ ਹੀ ਤਿਨ੍ਹਾਂ ਨੂੰ ਨਜ਼ਰ ਆਉਂਦਾ ਹੈ। ਜੋਤਿ ਕਿਰਣੀ ਹੋ ਕੇ ਸਰਬੱਤਰ ਘਟਾਂ ਪਟਾਂ ਅੰਦਰ ਉਹ ਸਾਰੇ ਹੀ ਛਾਇਆ ਹੋਇਆ ਹੈ। ਸਰਬੱਤਰ ਰਮਿਆ ਹੋਇਆ ਹੁੰਦਾ ਭੀ ਉਹ ਨਿਰਾਲਮ ਰੂਪ ਵਿਚਿ ਇਕੇਲਾ ਬੈਠਾ ਹੋਇਆ ਸਭ ਚਰਾਚਰ ਜੀਵ ਮਾਤਰ ਅਤੇ ਸਾਰੀ ਰਚਨਾ ਨੂੰ ਆਪਣੀਆਂ ਨਜ਼ਰਾਂ ਹੇਠ ਰਖਦਾ ਹੈ। ਕੋਈ ਭੀ ਉਸਦੀਆਂ ਨਜ਼ਰਾਂ ਤੋਂ ਬਾਹਰ ਨਹੀਂ। ਕੋਈ ਇਕੱਲਾ ਕਰਮ ਜੋਤੀਸ਼ਰ ਜੋਗੀ ਜਿਸ ਨੇ ਰਸ-ਜੋਤਿ ਨਾਮ ਅਭਿਆਸ ਦੇ ਕਰਮ ਕਮਾ ਕੇ ਜੋਤੀਸ਼ਰ ਵਾਹਿਗੁਰੂ ਨੂੰ ਘਟ ਅੰਦਰਿ ਪਰਗਟ ਕੀਤਾ ਹੋਵੇ, ਇਸ ਪਦ ਨੂੰ ਪੁਗ ਕੇ ਗੁਰ-ਸ਼ਬਦ ਬਜੰਤਰੀ ਕੀਰਤ-ਧਨੰਤਰੀ ਅਨਹਦ ਸ਼ਬਦ ਕੀ ਬੀਨਾ ਵਜਾਉਂਦਾ ਹੈ। ਅਤੇ ਵਾਹਿਗੁਰੂ "ਦਰਸਨ ਰੂਪ ਅਪਾਰਾ" ਪੇਖਿ ਪੇਖਿ ਖੀਵਾ ਹੋਇਆ ਰਹਿੰਦਾ ਹੈ। ਗੁਰੂ ਨਾਨਕ ਦੇ ਘਰ ਦਾ ਵਰੋਸਾਇਆ ਹੋਇਆ ਕਰਮ-ਜੋਗੀ ਉਪਰ ਕਥੇ ਅਨੁਸਾਰ ਅਨਹਦ ਸ਼ਬਦ ਵਿਚਿ ਲੀਨ ਹੋਇਆ ਵਿਆ ਵਾਹਿਗੁਰੂ ਸੱਚੇ ਖਸਮ ਨਾਲਿ ਤਦ ਰੂਪ ਹੋ ਕੇ ਅਭੇਦ ਹੋਇਆ ਰਹਿੰਦਾ ਹੈ। ਇਹ ਗੁਰਮੁਖ ਜਨ ਕਰਮ ਦੀ ਪਰਧਾਨਤਾ ਦਾ ਇਕ, ਅਦੁੱਤੀ ਚਮਤਕਾਰ ਨਜ਼ਾਰਾ ਹੈ। ਗੁਰਮਤਿ ਨਾਮ ਅਭਿਆਸ, ਸ੍ਰੇਸ਼ਟ ਅਤੇ ਸਰਬੋਤਮ ਪਰਧਾਨ ਕਰਮ ਅਭਿਆਸੀ ਜਨਾਂ ਨੂੰ ਇਸ ਪਦ ਪੁਜਾ ਦਿੰਦਾ ਹੈ। ਤਿਥੇ ਹੋਰ ਕਰਮਾਂ ਧਰਮਾਂ ਦੀ ਰਾਈ ਮਾਤਰ ਭੀ ਸਮਾਈ ਨਹੀਂ।

ਜੋ ਤਿਨਿ ਕੀਆ ਸੋ ਸਚੁ ਥੀਆ॥ ਅੰਮ੍ਰਿਤ ਨਾਮੁ ਸਤਿਗੁਰਿ ਦੀਆ॥
ਹਿਰਦੈ ਨਾਮੁ ਨਾਹੀ ਮਨਿ ਭੰਗੁ॥ ਅਨਦਿਨੁ ਨਾਲਿ ਪਿਆਰੇ ਸੰਗੁ॥੧॥
ਹਰਿ ਜੀਉ ਰਾਖਹੁ ਅਪਨੀ ਸਰਣਾਈ॥ ਗੁਰ ਪਰਸਾਦੀ ਹਰਿ ਰਸੁ ਪਾਇਆ
ਨਾਮੁ ਪਦਾਰਥੁ ਨਉਨਿਧਿ ਪਾਈ॥੧॥ਰਹਾਉ॥
ਕਰਮ ਧਰਮ ਸਚੁ ਸਾਚਾ ਨਾਉ॥ਤਾ ਕੈ ਸਦ ਬਲਿਹਾਰੈ ਜਾਉ॥
ਜੋ ਹਰਿ ਰਾਤੇ ਸੇ ਜਨ ਪਰਵਾਣੁ॥ ਤਿਨ ਕੀ ਸੰਗਤਿ ਪਰਮ ਨਿਧਾਨੁ॥੨॥
ਹਰਿ ਵਰੁ ਜਿਨਿ ਪਾਇਆ ਧਨ ਨਾਰੀ॥ ਹਰਿ ਸਿਉ ਰਾਤੀ ਸਬਦੁ ਵੀਚਾਰੀ॥


www.AKJ.Org

ਆਪਿ ਤਰੈ ਸੰਗਤਿ ਕੁਲ ਤਾਰੈ॥ ਸਤਿਗੁਰੁ ਸੇਵਿ ਤਤੁ ਵੀਚਾਰੈ॥੩॥
ਹਮਰੀ ਜਾਤਿ ਪਤਿ ਸਚੁ ਨਾਉ॥ ਕਰਮ ਧਰਮ ਸੰਜਮੁ ਸਤ ਭਾਉ॥
ਨਾਨਕ ਬਖਸੇ ਪੂਛ ਨ ਹੋਇ॥ ਦੂਜਾ ਮੇਟੇ ਏਕੋ ਸੋਇ॥੪॥੧੪॥

(ਆਸਾ ਮ: ੧, ਪੰਨਾ ੩੫੨-੫੩)

ਵਿਆਖਿਆ - ਜਿਨ੍ਹਾਂ ਨੂੰ ਗੁਰਪਰਸਾਦੀ ਹਰਿ ਰਸੁ ਆਇਆ ਹੈ ਅਤੇ ਜਿਨ੍ਹਾਂ ਗੁਰੂ ਦੁਆਰਿਓਂ ਗੁਰਪ੍ਰਸਾਦ ਕਰਿ ਨਾਮੁ ਪਦਾਰਥੁ ਰੂਪੀ ਨਉ'ਨਿਧਿ ਪਾਈ ਹੈ, ਓਹਨਾਂ ਦੀ ਹਰ ਦਮ ਹੀ ਲਾਲਸਾ ਹੈ ਕਿ ਵਾਹਿਗੁਰੂ ਸੱਚਾ ਪਾਤਸ਼ਾਹ ਆਪਣੀ ਸਰਣਾਗਤਿ ਹੀ ਰਖੇ। ਓਹ ਇਹੀ ਬੇਨਤੀ ਕਰਦੇ ਰਹਿੰਦੇ ਹਨ ਕਿ ਹੇ ਵਾਹਿਗੁਰੂ ਸਾਨੂੰ ਸਦਾ ਆਪਣੀ ਸ਼ਰਣਾਈ ਹੀ ਰਖੇ। ਤਾਂਤੇ ਸਦਾ ਸਨਮੁਖ ਦੀਦਾਰੇ ਤੇਰੇ ਹੁੰਦੇ ਰਹਿਣ। ਅਸਲ ਸਰਣਾਗਤਿ ਸੋਈ ਜਨ ਰਹਿੰਦੇ ਹਨ ਜੋ ਪਰਤੱਖ ਦੀਦਾਰਿਆਂ ਦਾ ਆਨੰਦ ਮਾਣਦੇ ਹਨ। ਇਹ ਅਨੰਦ ਮਾਨਣਾ ਤਿਨ੍ਹਾਂ ਨੂੰ ਹੀ ਪ੍ਰਾਪਤਿ ਹੈ ਜਿਨ੍ਹਾਂ ਨੇ ਨਾਮ ਪਦਾਰਥ ਪਾਇਆ, ਅਤੁਟ ਕਮਾਈਆਂ ਨਾਮ ਅਭਿਆਸ ਦੀਆਂ ਕੀਤੀਆਂ। ਇਸ ਪਰਧਾਨ ਗੁਰਮੁਖਿ ਕਰਮ ਦੀ ਬਦੌਲਤ ਹੀ ਸਦਾ ਗੁਰੂ ਕਰਤਾਰ ਦੀ ਸਨਮੁਖਤਾ ਸਰਣਾਗਤਿ ਰਹਿਣ ਦੀ ਪਰਮ ਪਦਵੀ ਮਿਲਦੀ ਹੈ। ਇਹ ਉਪਰਲੇ ਗੁਰਵਾਕ ਦੀ ਅਸਥਾਈ ਦਾ ਤੱਤ ਭਾਵ ਹੈ। ਜਿਸ ਨੂੰ ਜਿਸ ਵਡਿਭਾਗੇ ਗੁਰਮੁਖ ਜਨ ਨੂੰ ਸਤਿਗੁਰੂ ਨੇ ਅੰਮ੍ਰਿਤ ਨਾਮ ਦੀ ਬਖਸ਼ਸ਼ ਕੀਤੀ ਹੈ ਤਿਸ ਥੋਂ ਨਾਮ ਰੂਪੀ ਸਚੁ ਦੀ ਹੀ ਕਰਮ ਕਮਾਈ ਹੋਈ ਹੈ। ਨਾਮ ਰਤੜੇ ਗੁਰਮੁਖ ਜਨ ਨੇ ਜੋ ਭੀ ਕਰਮ ਕੀਤਾ ਹੈ, ਤਿਸ ਤੋਂ ਸੱਚੇ ਹੀ ਸੱਚੁ, ਕੇਵਲ ਨਾਮੁ ਹੀ ਨਾਮੁ ਦਾ ਪ੍ਰਭਾਵ ਪਰਗਟ ਥੀਆ ਹੈ। ਭਾਵ ਗੁਰਮੁਖ ਜਨਾਂ ਤੋ ਨਾਮ ਕਮਾਈ ਬਿਨਾਂ ਹੋਰ ਕਰਮ ਹੁੰਦਾ ਹੀ ਨਹੀਂ। ਓਹਨਾਂ ਤੋਂ ਨਾਮ ਰੂਪੀ ਸਚੁ ਹੀ ਕਮਾਇਆ ਜਾਂਦਾ ਹੈ। ਓਹਨਾਂ ਦੇ ਹਿਰਦੇ ਅੰਦਰਿ ਸਦਾ ਨਾਮੁ ਹੀ ਨਾਮੁ ਵਸਿਆ ਰਹਿੰਦਾ ਹੈ। ਮਨ-ਬਚਨ ਕਰਮ ਕਰਕੇ ਤਿਨ੍ਹਾਂ ਤੋਂ ਨਾਮ-ਜਾਪ ਦੀ ਕਮਾਈ ਵਲੋਂ ਕਦੇ ਭੰਗਣਾਂ ਨਹੀਂ ਪੈਂਦੀ। ਇਸ ਅਥਾਹ ਨਾਮ ਅਭਿਆਸ ਕਮਾਈ ਦੇ ਪਰਤਾਪ ਕਰਕੇ ਤਿਨ੍ਹਾਂ ਦਾ ਦਿਨੇ ਰਾਤਿ ਪਿਆਰੇ ਪ੍ਰੀਤਮ ਪ੍ਰਭੂ ਪਰਮਾਤਮਾ ਨਾਲਿ ਇਕਮਿੱਕਤਾ ਵਾਲਾ ਸੰਗੁ ਬਣਿਆ ਰਹਿੰਦਾ ਹੈ ਸਦਾ ਸਨਮੁਖ ਦਰਸ਼ਨ-ਦਿਦਾਰਿਆਂ ਦਾ ਰੰਗ ਬਣਿਆ ਰਹਿੰਦਾ ਹੈ। (ਅਸਥਾਈ ਤੇ ਅਗਲੀਆਂ ਤੁਕਾਂ)- ਓਹਨਾਂ ਦੇ ਕਰਮ ਧਰਮ ਬਸ ਇਹੀ ਹਨ ਕਿ ਅਨਦਿਨੁ ਸੱਚੇ ਨਾਮੁ ਰੂਪੀ ਸਚੁ ਦੀਆਂ ਕਮਾਈਆਂ ਹੀ ਕਰੀ ਜਾਂਦੇ ਹਨ। ਜਿਨ੍ਹਾਂ ਦਾ ਅਨਦਿਨੁ ਨਾਮ ਜਪੀ ਜਾਣ ਦਾ ਹੀ ਸੱਚਾ ਕਮਾਈ ਰੂਪ ਕਰਮ ਹੈ, ਓਹਨਾਂ ਦੇ ਇਸ ਸੱਚੇ ਕਰਮ ਵਿਚਿ ਸਾਰੇ ਕਰਮ ਧਰਮ ਆ ਗਏ। ਤਿਨ ਸੱਚੇ ਪਰਧਾਨ ਕਰੰਮੀ ਗੁਰਮੁਖ ਜਨਾਂ ਵਿਟਹੁੰ ਗੁਰੂ ਨਾਨਕ ਸਾਹਿਬ ਸਦਾ ਬਲਿਹਾਰੇ ਜਾਂਦੇ ਹਨ। ਐਸੇ ਵਾਹਿਗੁਰੂ ਨਾਲਿ ਰੱਤੜੇ ਗੁਰਮੁਖ ਜਨ ਹੀ ਵਾਹਿਗੁਰੂ ਦੀ ਦਰਗਾਹੇ ਪਰਵਾਣ ਪੈਂਦੇ ਹਨ।ਤ੍ਰਿਨਾਂ ਦੀ ਸੰਗਤਿ ਕੀਤਿਆਂ ਪਰਮ ਨਿਧਾਨ ਦੀ ਪ੍ਰਾਪਤੀ ਹੁੰਦੀ ਹੈ। ਜਿਸ ਜਗਿਆਸੂ ਰੂਪ ਗੁਰਮੁਖ ਸੋਹਾਗ ਵਾਲੀ ਸੋਹਾਗਣੀ ਇਸਤ੍ਰੀ (ਧਨ ਨਾਰੀ) ਨੇ ਵਾਹਿਗੁਰੂ ਰੂਪੀ ਵਰੁ ਨੂੰ ਪਾ ਲਿਆ, ਉਹ ਸੱਚੇ ਸੁਹਾਗ ਭਾਗ ਨੂੰ ਪ੍ਰਾਪਤਿ ਹੋਈ ਵੀ ਸੋਹਾਗਵੰਤੀ ਇਸਤ੍ਰੀ ਹਰਿ ਵਰੁ ਪਾ ਕੇ ਭੀ ਸ਼ਬਦ ਅਭਿਆਸ ਰੂਪੀ ਸੱਚੜੇ ਵੀਚਾਰ ਨੂੰ ਨਹੀਂ ਛਡਦੀ। ਹਰਿ ਸਿਉਂ ਰੱਤੀ ਹੋਈ ਵੀ ਹਰਿ ਰੰਗ ਵਿਚਿ ਰਹਿੰਦੀ ਹੋਈ ਵੀ ਨਾਮ (ਸ਼ਬਦ) ਦੀ ਕਮਾਈ ਕਰਦੀ ਹੀ ਰਹਿੰਦੀ ਹੈ। ਰੰਗ-ਰਤੜੀ ਆਤਮ ਅਵਸਥਾ ਵਿਚਿ ਸਗੋਂ ਨਾਮ ਅਭਿਆਸ ਕਮਾਈਆਂ ਕਰਨ ਦਾ ਹੋਰ ਵਧੇਰਾ ਰਸੁ ਸੁਆਦੁ ਅਹਿਲਾਦੁ ਆਉਂਦਾ ਹੈ। ਜਿਉਂ ਜਿਉਂ ਨਾਮ ਕਮਾਈਆਂ ਵਾਲੇ ਪਰਧਾਨ ਕਰਮੀ ਗੁਰਮੁਖ ਜਨ ਨਾਮ ਕਮਾਈਆਂ ਕਰਦੇ ਹਨ ਤਿਉਂ ਤਿਉਂ ਉਹ ਹੋਰੋ ਹੋਰ ਗਹਿਗੱਚੀ ਆਤਮ-ਰੰਗਾਂ ਵਿਚਿ ਰੰਗੀ ਜਾਂਦੇ ਹਨ ਅਤੇ ਜਿਉਂ ਜਿਉਂ ਹੋਰ ਵਧੇਰੇ ਰੰਗਾਂ ਵਿਚਿ ਨਾਮ ਅਭਿਆਸ ਕਮਾਈਆਂ ਕਰਦੇ ਹਨ, ਓਹ ਭਵ ਸਾਗਰ ਤੋਂ ਤਰ ਜਾਂਦੇ ਹਨ। ਤਿਨ੍ਹਾਂ ਦੀ ਸੰਗਤਿ ਕਰਕੇ ਤਿਨ੍ਹਾਂ ਦੀਆਂ ਕੁਲਾਂ ਦਾ ਭੀ ਨਿਸਤਾਰਾ ਹੋ ਜਾਂਦਾ ਹੈ। ਨਾਮ-ਤੱਤ ਦੀਆਂ ਤੱਤ-ਅਭਿਆਸ ਕਮਾਈਆਂ ਕਰਨਾ ਹੀ ਸਤਿਗੁਰੂ ਦੀ ਸੱਚੀ ਸੇਵਾ ਹੈ। ਸੱਚੇ ਨਾਮ ਦੀਆਂ ਕਮਾਈਆਂ ਕਰਨਹਾਰਿਆਂ ਦੀ ਜਾਤਿ ਭੀ ਤੇ ਪਾਤਿ ਭੀ ਸੱਚਾ ਨਾਉਂ ਹੀ ਹੈ। ਅਤੇ ਨਾਮ ਨਾਲਿ ਸੱਚਾ ਭਾਉ ਪ੍ਰੇਮ ਪਿਆਰ ਹੀ ਤਿਨ੍ਹਾਂ ਦਾ ਕਰਮ ਧਰਮ ਰੂਪੀ

(ਬਾਕੀ ਪੰਨਾ ੩੭ ਤੇ ..)


www.AKJ.Org

ਸੂਰਾ ਵਾਸਤੇ ਚੰਦੇ ਤੇ ਹੋਰ ਰਕਮਾਂ ਹੇਠ ਲਿਖੀਆਂ ਥਾਵਾਂ ਤੇ ਜਮ੍ਹਾਂ ਕਰਵਾ ਕੇ ਰਸੀਦ ਲਓ ਜੀ।

1.ਲੁਧਿਆਣਾ: (ੳ) ਮੁੱਖ ਦਫ਼ਤਰ ਸੂਰਾ, ਕੋਠੀ ਨੰ: 12, ਬਲਾਕ ਆਈ, ਭਾਈ ਰਣਧੀਰ ਸਿੰਘ ਨਗਰ।
(ਅ) ਸਬ-ਆਫਿਸ ਸੂਰਾ ਗੁ: ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ। ਫੋਨ 428194
(ੲ) ਭਾਈ ਭੁਪਿੰਦਰ ਪਾਲ ਸਿੰਘ ਜੀ, ਪ੍ਰੀਤ ਸਿਲੈਕਸ਼ਨ, ਸਾਹਪੁਰ ਰੋਡ, ਨੇੜੇ ਸੁਭਾਨੀ ਬਿਲਡਿੰਗ, ਲੁਧਿਆਣਾ, ਫੋਨ 730604
(ਸ) ਸ: ਇਕਬਾਲ ਸਿੰਘ ਜੀ ਖਾਲਸਾ ਸ਼ਾਲਜ਼ ਮੋਚਪੁਰਾ ਬਜ਼ਾਰ, ਲੁਧਿਆਣਾ।
(ਹ) ਸ: ਅਜੀਤ ਸਿੰਘ 17/5 ਪਾਵਰ ਕਲੋਨੀ ਸਰਾਭਾ ਨਗਰ ਟੈਲੀਫੋਨ 458644, 459701

2.ਫਗਵਾੜਾ: ਮਾਸਟਰ ਗੁਰਦਿਆਲ ਸਿੰਘ ਜੀ, ਵਿਸ਼ਵਕਰਮਾ ਕਲੋਨੀ, ਨੇੜੇ ਵਿਸ਼ਵਕਰਮਾ ਮੰਦਰ, ਬੰਗਾ ਰੋਡ, ਫਗਵਾੜਾ। ਟੈਲੀਫੋਨ 68307

3.ਚੰਡੀਗੜ੍ਹ,ਮੋਹਾਲੀ: ਭਾਈ ਫੋਜਿੰਦ੍ਰ ਸਿੰਘ ਜੀ 532/3-ਏ, ਮੋਹਾਲੀ। ਟੈਲੀਫੋਨ : 260569

4.ਕਪੂਰਥਲਾ: ਭਾਈ ਚਰਨਪਾਲ ਸਿੰਘ, ਸਿੰਘ ਆਰਟਸ, ਨੇੜੇ ਸਟੇਟ ਗੁਰਦੁਆਰਾ ਸਾਹਿਬ।

5.ਖਰੜ, ਮੋਰਿੰਡਾ: ਭਾਈ ਅਜੀਤ ਸਿੰਘ ਜੀ, ਮਕਾਨ ਨੰ 214, ਵਾਰਡ ਨੰ: 4, ਚੰਡੀਗੜ੍ਹ ਰੋਡ, ਮੁੰਡੀ ਖਰੜ। ਟੈਲੀ: 01888-46036

6ਪਟਿਆਲਾ: 1 ਸੰਦੀਪ ਪਾਲ ਸਿੰਘ S/o ਸ: ਰਵੇਲ ਸਿੰਘ 654/3 ਖਾਲਸਾ ਮੁਹੱਲਾ ਧਰਮਪੁਰਾ ਬਜ਼ਾਰ ਪਟਿਆਲਾ ਟੈਲੀ. 228703
2 ਸੁਲੱਖਣ ਸਿੰਘ ਖਾਲਸਾ ਨਿਸ਼ਾਨ ਸਟੋਰ ਦੁਕਾਨ ਨੰ 14/15 ਗੁ: ਦੁਖ ਨਿਵਾਰਨ ਬਜ਼ਾਰ ਪਟਿਆਲਾ ਟੈਲੀ. 361415

7.ਅੰਮ੍ਰਿਤਸਰ: 1. ਭਾਈ ਸਤਨਾਮ ਸਿੰਘ ਜੀ, ਪਿੰਡ ਚਾਚੋਵਾਲੀ, ਡਾਕਖਾਨਾ ਜੈਂਤੀਪੁਰਾ।
2. ਭਾਈ ਭੁਪਿੰਦਰ ਸਿੰਘ ਜੀ ਖਾਲਸਾ, 4969-ਅਜ਼ਾਦ ਨਗਰ, ਨੇੜੇ ਟਿਊਬਵੈਲ, ਤਾਰਾ ਸਿੰਘ ਕੋਟ ਖਾਲਸਾ, ਅੰਮ੍ਰਿਤਸਰ।

8.ਜਲੰਧਰ: ਸ: ਹਰਜੀਤ ਸਿੰਘ ਬੈਂਕ ਆਫ਼ ਇੰਡੀਆ ਸਤਲੁਜ ਮਾਰਕੀਟ ਨੇੜੇ ਬਸ ਸਟੈਂਡ ਜਲੰਧਰ ਸ਼ਹਿਰ ਫੋਨ :462065

9.ਯਮੁਨਾਨਗਰ: ਭਾਈ ਇਕਬਾਲ ਸਿੰਘ ਜੀ, 536-ਲੋਹਾਰਾ ਗਲੀ, ਜਗਾਧਰੀ। ਫੋਨ 47341

10.ਫਿਰੋਜ਼ਪੁਰ: ਭਾਈ ਬਲਵਿੰਦਰ ਸਿੰਘ, ਹਾਤਾ ਨੰ 48, ਬਜ਼ਾਰ ਨੰ: 1, ਫਿਰੋਜ਼ਪੁਰ ਛਾਉਣੀ।

11.ਪਠਾਨਕੋਟ: ਸ: ਹਰਭਜਨ ਸਿੰਘ M.E.S. ਪਠਾਨਕੋਟ।

12ਅੰਬਾਲਾ: 1. ਭਾਈ ਮਨੋਹਰ ਸਿੰਘ ਜੀ ਪਿੰਡ ਤੇ ਡਾਕਖਾਨਾ ਨਸਰਾਲੀ ਵਾਇਆ ਜਤਵਾੜ ਅੰਬਾਲਾ ਸ਼ਹਿਰ।
2 ਭਾਈ ਭਗਵਾਨ ਸਿੰਘ ਵੈਦ 10 ਵੀਟਾ ਐਨਕਲੇਵ ਨੇੜੇ ਮਿਲਕ ਪਲਾਂਟ ਬਲਦੇਵ ਨਗਰ ਅੰਬਾਲਾ ਸ਼ਹਿਰ

13.ਬਠਿੰਡਾ: ਭਾਈ ਬਘੇਲ ਸਿੰਘ (ਗੋਬਿੰਦ ਸਿੰਘ) ਜੀ 7819, ਨੇੜੇ ਡੰਗਰਾਂ ਦਾ ਹਸਪਤਾਲ । ਫੋਨ : 217743

14.ਧੂਰੀ: ਮਾਸਟਰ ਹਰਭਜਨ ਸਿੰਘ ਜੀ, ਜਨਤਾ ਨਗਰ, ਨੇੜੇ ਵੀਨਸ ਗੈਸ ਏਜੰਸੀ, ਧੂਰੀ। ਫੋਨ: ੨੧੨੫੩

15.ਸਰਹੰਦ: ਸ: ਰੁਪਿੰਦਰ ਸਿੰਘ ਜੀ, ਨੇੜੇ ਭਾਰਤ ਪੈਟਰੋਲੀਅਮ ਗੈਸ ਗੋਦਾਮ, ਸਿਨੇਮਾ ਰੋਡ, ਸਰਹੰਦ, ਜ਼ਿਲਾ ਫਤਹਿਗੜ੍ਹ ਸਾਹਿਬ, ਟੈਲੀਫੋਨ 01763-20760

16.ਪਾਉਂਟਾ ਸਾਹਿਬ: ਭਾਈ ਪਰਮਜੀਤ ਸਿੰਘ ਜੀ, ਗੁਰੂ ਰਾਖਾ ਇੰਟਰਪ੍ਰਾਈਜ਼ਿਜ਼, ਪਾਉਂਟਾ ਸਾਹਿਬ ਹਿਮਾਚਲ ਪ੍ਰਦੇਸ਼ Tel. Shop 01704-22367, Resi.24067

17.ਬਟਾਲਾ 1. ਭਾਈ ਸੁਖਰਾਜ ਸਿੰਘ ਜੀ ਸਾਹਮਣੇ ਗੁਰੂ ਨਾਨਕ ਦੇਵ ਅਕੈਡਮੀ ਜਲੰਧਰ ਰੋਡਟੈਲੀ :46566
2 ਸ: ਹਰਭਜਨ ਸਿੰਘ, ਖਾਲਸਾ ਲਾਇਬਰੇਰੀ ਬਟਾਲਾ।

18.ਦਿੱਲੀ 1. ਗੁਰਪ੍ਰੀਤ ਸਿੰਘ 670 ਡਾਕਟਰ ਮੁਖਰਜੀ ਨਗਰ ਦਿੱਲੀ ਟੈਲੀ: 7654833
2 ਸ: ਨਰਿੰਦਰ ਜੀ ਸਿੰਘ (ਗਾਮਾ) H. No.58-C IInd floor St. No. 11 New Mahavir Nagar P.O. Tilak Nagar-New Delhi 110018 PH. Resi - 5155191 Office- 590097-5449276

19.ਇੰਗਲੈਂਡ: ਭਾਈ ਹਰਦੀਪ ਸਿੰਘ ਜੀ, 218, Wexhan Road, Slough Berks SL2 5JP.Tel: 01753-530624

੨0ਅਮਰੀਕਾ: ਭਾਈ ਜੀਵਨ ਸਿੰਘ ਜੀ, ਗੁਰਦੀਪ ਸਿੰਘ ਜੀ ਫੋਨ : 18007226212

21.ਕੈਨੇਡਾ: ਭਾਈ ਰਿਪੁਦਮਨ ਸਿੰਘ ਮਲਿਕ, ਫੋਨ : 18006630224

੨੨ਆਸਟ੍ਰੇਲੀਆ: ਭਾਈ ਪਰਸ਼ੋਤਮ ਸਿੰਘ ਜੀ, ਫੋਨ : 0061-69634841

23.ਨਿਊਜ਼ੀਲੈਂਡ: ਭਾਈ ਮਹਿੰਦਰ ਸਿੰਘ ਜੀ, ਫੋਨ : 092702755

## ਸੂਰਾ ਸਹਾਇਤਾ ਫੰਡ ਵਿਚ ਪੁੱਜੀ ਸਹਾਇਤਾ

| | | | |
|---|---|---|---|
| ਮਾਤਾ ਗੁਰਦੀਪ ਕੌਰ ਸ੍ਰੀ ਨਗਰ - | ੫੦੦/- | ਸ: ਬੇਅੰਤ ਸਿੰਘ- | ੧੨੫/- |
| ਗੁਪਤ- | ੧੦੧/- | ਗੁਪਤ- | ੫੦/- |
| ਬੀਬੀ ਆਗਿਆ ਕੌਰ- | ੫੦੦/- | ਸ: ਸੁਰਜੀਤ ਸਿੰਘ ਲੁਧਿ:- | ੫੦/- |



www.AKJ.Org

## ਅਖੰਡ ਕੀਰਤਨੀ ਜੱਥਾ ਬੀ. ਸੀ. ਕੈਨੇਡਾ ਵੱਲੋਂ ਸਾਲਾਨਾ ਅਖੰਡ ਕੀਰਤਨ ਸਮਾਗਮ

ਪ੍ਰੋਗਰਾਮਾਂ ਦਾ ਵੇਰਵਾ:

| | | | |
|---|---|---|---|
| ਅਖੰਡ ਪਾਠ ਸਾਹਿਬ | ਸ਼ੁਕਰਵਾਰ ਮਈ 12 ਤੋਂ ਐਤਵਾਰ ਮਈ 14 | From: 6.00 Am Friday to 6.00 AM Sunday | 4440 Thompson Rd. Richmond |
| ਆਸਾ ਦੀ ਵਾਰ ਅਖੰਡ ਕੀਰਤਨ | ਐਤਵਾਰ ਮਈ 14 | 6.00 AM-11.00 AM 6.00 PM-8.30 PM | 4440 Thompson Rd. Richmond |
| ਅਖੰਡ ਕੀਰਤਨ | ਸੋਮਵਾਰ ਮਈ 15 | 6.00 PM-8.30 PM | 8125-132 St. Surrey (ਸਿੰਘ ਸਭਾ) |
| ਅਖੰਡ ਕੀਰਤਨ | ਮੰਗਲਵਾਰ ਮਈ 16 | 6.00 PM-8.30 PM | 345 Wood St. New Westminster (ਸੁਖ ਸਾਗਰ) |
| ਅਖੰਡ ਕੀਰਤਨ | ਬੁਧਵਾਰ ਮਈ 17 | 6.00 PM-8.30 PM | 2548 Pyril St. Abbotsford (ਗੁਰਦੁਆਰਾ ਕਲਗੀਧਰ) |
| ਅਖੰਡ ਕੀਰਤਨ | ਵੀਰਵਾਰ ਮਈ 18 | 6.00 PM-8.30 PM | 12885 85 Ave, Surrey (ਦਸਮੇਸ਼ ਦਰਬਾਰ) |
| ਅਖੰਡ ਕੀਰਤਨ | ਸ਼ੁਕਰਵਾਰ ਮਈ 19 | 6.00 PM-8.30 PM | 26 West Marine Drive Vancouver(ਖਾਲਸਾ ਦਰਬਾਰ) |
| ਆਸਾ ਦੀ ਵਾਰ | ਸ਼ਨਿਚਰਵਾਰ ਮਈ 20 | 6.00 AM-11.00 AM | 6933 124 St, Surrey (ਖਾਲਸਾ ਸਕੂਲ) |
| ਅੰਮ੍ਰਿਤ ਸੰਚਾਰ | ਸ਼ਨਿਚਰਵਾਰ ਮਈ 20 | ਅਰੰਭ 4.00 PM | 6933 124 St, Surrey (ਖਾਲਸਾ ਸਕੂਲ) |
| ਰੈਣ ਸਬਾਈ | ਸ਼ਨਿਚਰਵਾਰ ਮਈ 20 ਤੋਂ ਐਤਵਾਰ ਮਈ 21 | 7.00 PM Saturday to 6.00 AM Sundat | 6933 124 St, Surrey (ਖਾਲਸਾ ਸਕੂਲ) |

### ਅਖੰਡ ਕੀਰਤਨੀ ਜੱਥਾ ਬੀ. ਸੀ. (ਕੈਨੇਡਾ) ਵੱਲੋਂ ਸਪਸ਼ਟੀਕਰਨ

ਆਤਮ ਰੰਗ ਮਾਸਕ ਪੱਤਰ ਅਪ੍ਰੈਲ 2000 ਵਿਚ ਜੋ ਸਾਲਾਨਾ ਸਮਾਗਮ ਵੈਨਕੂਵਰ ਬਾਰੇ ਇਸ਼ਤਿਹਾਰ ਛਾਪਿਆ ਗਿਆ ਹੈ ਕਿ ਇਹ ਪ੍ਰਬੰਧਕੀ ਪੰਚਾਇਣ ਅਖੰਡ ਕੀਰਤਨੀ ਜੱਥਾ ਇੰਟਰਨੈਸ਼ਨਲ ਬ੍ਰਿਟਿਸ਼ ਕੋਲੰਬੀਆ ਵੱਲੋਂ ਮਨਾਇਆ ਜਾ ਰਿਹਾ ਹੈ। ਇਸ ਬਾਰੇ ਸਪਸ਼ਟੀਕਰਨ ਦਿੱਤਾ ਜਾਂਦਾ ਹੈ ਕਿ ਇਹ ਸਮਾਗਮ ਅਖੰਡ ਕੀਰਤਨੀ ਜੱਥਾ ਬ੍ਰਿਟਿਸ਼ ਕੋਲੰਬੀਆ ਵੱਲੋਂ ਮਨਾਇਆ ਜਾ ਰਿਹਾ ਹੈ। ਜੋ ਆਤਮ ਰੰਗ ਮਾਸਿਕ ਪੱਤਰ ਵਿੱਚ ਛਪਿਆ ਹੈ ਉਸਨੂੰ ਕੇਵਲ ਅਖੰਡ ਕੀਰਤਨੀ ਜੱਥਾ ਬੀ. ਸੀ. ਹੀ ਪੜ੍ਹਿਆ ਜਾਵੇ। ਆਤਮ ਰੰਗ ਮਾਸਿਕ ਪੱਤਰ ਦੇ ਪ੍ਰਬੰਧਕ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਅੱਗੇ ਲਈ ਸਾਡੇ ਭੇਜੇ ਇਸ਼ਤਿਹਾਰ ਇੰਨ ਬਿੰਨ ਉਸੇ ਤਰ੍ਹਾਂ ਹੀ ਛਾਪਿਆ ਜਾਵੇ।

ਪੁੱਛ ਗਿੱਛ ਲਈ ਫੋਨ ਕਰੋ ਜੀ:

ਮਾਸਟਰ ਉਜਾਗਰ ਸਿੰਘ : (604)590-6900 ਡਾ: ਹਰਦਿਆਲ ਸਿੰਘ ਬੈਂਸ (604273-7919

(ਪੰਨਾ ੩੫ ਦਾ ਬਾਕੀ ..)

ਸੰਜਮ ਕਰਨਾ ਹੈ। ਅਰਥਾਤ ਹੋਰ ਕਰਮਾਂ ਧਰਮਾਂ ਦੇ ਸੰਜਮ ਕਰਨ ਦੀ ਤਿਨ੍ਹਾਂ ਨੂੰ ਲੋੜ ਨਹੀਂ ਰਹੀ। ਗੁਰੂ ਨਾਨਕ ਸਾਹਿਬ ਨੇ ਜੋ ਜਨ ਬਖਸ਼ ਦਿੱਤੇ ਹਨ ਤਿਨ੍ਹਾਂ ਗੁਰੂ ਨਾਨਕ ਦੇ ਬਖਸ਼ਿਆਂ ਹੋਇਆਂ ਦੀ ਅਗੇ ਜਾ ਕੇ (ਧਰਮ ਰਾਇ ਦੇ ਦਰਬਾਰ ਵਿਚਿ) ਪੁਛ ਗਿੱਛ ਨਹੀਂ ਹੁੰਦੀ। ਕਿਉਂਕਿ ਤਿਨ੍ਹਾਂ ਨੇ ਦੂਜੇ ਭਾਵ ਦੇ ਕਰਮਾਂ ਨੂੰ ਰੱਦ ਕਰਕੇ ਕੇਵਲ ਏਕੋ ਸੱਚੜਾ ਕਰਮ ਨਾਮ ਜਪਣ ਦਾ, ਨਾਮ ਅਭਿਆਸ ਦਾ ਹੀ ਕਮਾਇਆ ਹੈ (ਚਲਦਾ)


www.AKJ.Org

## ਕੀਰਤਨ ਸਰਗਰਮੀਆਂ

ਅੰਮ੍ਰਿਤਸਰ : ਹਰ ਸਾਲ ਦੀ ਤਰ੍ਹਾਂ ਸਮੂਹ ਅਖੰਡ ਕੀਰਤਨੀ ਜੱਥਿਆਂ ਵੱਲੋਂ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਵਿਸਾਖੀ ਕੇਂਦਰੀ ਅਖੰਡ ਕੀਰਤਨ ਸਮਾਗਮ 11 ਤੋਂ 14 ਅਪ੍ਰੈਲ ਤੱਕ ਵੱਖ ਵੱਖ ਗੁਰਦੁਆਰਿਆਂ ਵਿਖੇ ਮਨਾਏ ਗਏ। ਗੁ: ਅੰਗੀਠਾ ਸਾਹਿਬ ਵਿਖੇ 1978 ਦੇ ਸ਼ਹੀਦਾਂ ਦੀ ਯਾਦ ਵਿਚ ਸ੍ਰੀ ਅਖੰਡ ਪਾਠ ਸਾਹਿਬ ਕੀਤੇ ਗਏ। ਵੈਸਾਖੀ ਵਾਲੇ ਦਿਨ ਸ੍ਰੀ ਦਰਬਾਰ ਸਾਹਿਬ ਵਿਖੇ ਹਜ਼ੂਰੀ ਆਸਾ ਦੀ ਵਾਰ ਦੀ ਚੌਂਕੀ ਦਾ ਕੀਰਤਨ ਵੀ ਅਖੰਡ ਕੀਰਤਨੀ ਜੱਥੇ ਵੱਲੋਂ ਕੀਤਾ ਗਿਆ। ਕਾਫ਼ੀ ਸਾਲਾਂ ਬਾਅਦ ਇਹ ਵੈਸਾਖੀ ਸਮਾਗਮ ਸਮੂਹ ਅਖੰਡ ਕੀਰਤਨੀ ਜੱਥਿਆਂ ਵੱਲੋਂ ਬਗੈਰ ਕਿਸੇ ਧਿਰ ਦੇ ਨਾਂਅ ਤੋਂ ਕੀਤੇ ਗਏ। ਬੇਅੰਤ ਸੰਗਤਾਂ ਅਤੇ ਕੀਰਤਨੀ ਵੀਰਾਂ ਭੈਣਾਂ ਨੇ ਹਾਜ਼ਰੀ ਭਰ ਕੇ ਸਮਾਗਮਾਂ ਦੀਆਂ ਰੌਣਕਾਂ ਨੂੰ ਵਧਾਇਆ।

## ਅਖੰਡ ਕੀਰਤਨੀ ਜੱਥਾ ਯੂ. ਕੇ.

### ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਕਵੈਂਟਰੀ ਦੀ ਨਵੀਂ ਇਮਾਰਤ ਦਾ ਉਦਘਾਟਨ ਸਮਾਰੋਹ

੨੬ ਮਾਰਚ ਨੂੰ ਇਥੋਂ ਦੇ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ, ਕਰਾਸ ਰੋਡ ਦੀ ਨਵੀਂ ਬਣੀ ਇਮਾਰਤ ਦਾ ਉਦਘਾਟਨ ਅਖੰਡ ਕੀਰਤਨੀ ਜੱਥਾ ਯੂ. ਕੇ. ਦੇ ਮੁਖ ਸੇਵਾਦਾਰ ਭਾਈ ਰਾਮਾ ਸਿੰਘ ਜੀ ਸਮੇਤ ਪੰਜਾਂ ਸਿੰਘਾਂ ਨੇ ਕੀਤਾ।

ਇਸ ਮੌਕੇ ਅਖੰਡ ਪਾਠ ਸਾਹਿਬ ਦੇ ਭੋਗ ਉਪ੍ਰੰਤ ਦੀਵਾਨ ਸਜਾਏ ਗਏ। ਅਖੰਡ ਕੀਰਤਨੀ ਜੱਥੇ ਦੇ ਭਾ: ਅਮਰਦੀਪ ਸਿੰਘ ਪਟਿਆਲਾ, ਭਾ: ਮਨਜੀਤ ਸਿੰਘ ਗਲਾਸਗੋ ਨੇ ਕੀਰਤਨ ਕਰਕੇ ਤੇ ਭਾ: ਸੇਵਾ ਸਿੰਘ ਦੇ ਜੱਥੇ ਨੇ ਢਾਡੀ ਵਾਰਾਂ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਉਦਘਾਟਨੀ ਸਮਾਰੋਹ ਵਿਚ ਤਕਰੀਬਨ ੨,500 ਸੰਗਤਾਂ ਪੁਜੀਆਂ ਤੇ ਕਵੈਂਟਰੀ ਦੇ ਮੈਂਬਰ ਪਾਰਲੀਮੈਂਟ ਮੇਅਰ, ਕੌਂਸਲਰਾਂ ਤੋਂ ਇਲਾਵਾ ਯੂ. ਕੇ ਭਰ ਤੋਂ ਸਮੂਹ ਪੰਥਕ ਜਥੇਬੰਦੀਆਂ ਦੇ ਮੋਢੀ ਪੁਜੇ ਹੋਏ ਸਨ।

ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਭਾ: ਅਵਤਾਰ ਸਿੰਘ ਤੇ ਭਾ: ਮਹਿੰਦਰ ਸਿੰਘ ਨੇ ਗੁਰੂ ਘਰ ਦੇ ਸੇਵਾਦਾਰਾਂ ਤੇ ਮਹਿਮਾਨਾਂ ਨੂੰ ਸਿਰੋਪੋ ਦੇ ਕੇ ਸਨਮਾਨਿਤ ਕੀਤਾ।

ਇਹ ਗੁਰੂ ਘਰ ਕਵੈਂਟਰੀ ਦੇ ਅਖੰਡ ਕੀਰਤਨੀ ਜੱਥੇ ਦੇ ਮੈਂਬਰਾਂ ਨੇ ਸੰਗਤਾਂ ਦੇ ਸਹਿਯੋਗ ਨਾਲ 1994 ਵਿਚ ਖੁਲੇਆ ਸੀ ਅਤੇ ਇਸ ਦੇ ਪਹਿਲਾਂ ਦੋ ਵਡੇ ਦਿਵਾਨ ਹਾਲ ਹਨ ਅਤੇ ਛੇਆਂ ਸਾਲਾਂ ਵਿਚ ਇਸ ਗੁਰੂ ਘਰ ਨੇ ਬਹੁਤ ਜਲਦੀ ਤਰੱਕੀ ਕਰਕੇ ਹੁਣ ਇਹ 8 ਲੱਖ ਪੌਂਡ ਦੀ ਨਵੀਂ ਸ਼ਾਨਦਾਰ ਇਮਾਰਤ ਪਹਿਲੇ ਦੋ ਵੱਡੇ ਹਾਲਾਂ ਦੇ ਸਾਹਮਣੇ ਬਣਾਈ ਹੈ। ਨਵੀਂ ਇਮਾਰਤ ਦੇ ਵੀ ਦੋ ਵੱਡੇ ਹਾਲ ਹਨ ਅਤੇ ਹੋਰ ਬਹੁਤ ਕਮਰੇ ਹਨ। ਦੁਨੀਆਂ ਭਰ ਵਿਚ ਇਹ ਇਕੋ ਹੀ ਗੁਰੂ ਘਰ ਹੈ ਜੋ ਕੇ ਜੱਥੇ ਦੇ ਸਿੰਘਾਂ ਨੇ ਆਪਣੇ ਦਸਵੰਧ ਦੇ ਨਾਲ ਸੰਗਤਾਂ ਦੀ ਸੇਵਾ ਕਰਨ ਲਈ ਬਣਾਇਆ।

---

## ਆਉਣ ਵਾਲੇ ਕੀਰਤਨ ਸਮਾਗਮ

### ਤਰਨ ਤਾਰਨ ਵਿਖੇ ਗੁਰੂ ਅਰਜਨ ਦੇਵ ਜੀ ਦੇ ਪ੍ਰਕਾਸ਼ ਪੁਰਬ ਸਬੰਧੀ ਸਾਲਾਨਾ ਰੈਣਿ ਸਬਾਈ ਕੀਰਤਨ

ਕਥਾ ਅਸਥਾਨ ਦਰਬਾਰ ਸਾਹਿਬ ਤਰਨਤਾਰਨ ਵਿਖੇ ੬ ਮਈ ਰਾਤ ਨੂੰ ਕੀਰਤਨ ਅਖਾੜੇ ਸਜਣਗੇ।

### ਮੁਕਤਸਰ ਗੁ: ਤੰਬੂ ਸਾਹਿਬ ਵਿਖੇ ਰੈਣਿ ਸਬਾਈ ਕੀਰਤਨ

ਚਾਲੀ ਮੁਕਤਿਆਂ ਦੇ ਸ਼ਹੀਦੀ ਜੋੜ ਮੇਲੇ ਤੇ ਵਿਖੇ ੬ ਮਈ ੨000 ਰਾਤ ਨੂੰ ਰੈਣਿ ਸਬਾਈ ਕੀਰਤਨ ਅਖਾੜੇ ਸਜਣਗੇ

### ਧੂਰੀ ਵਿਖੇ ਸਾਲਾਨਾ ਰੈਣਿ ਸਬਾਈ ਅਖੰਡ ਕੀਰਤਨ ਸਮਾਗਮ

ਗੁ: ਨਾਨਕਸਰ ਨੇੜੇ ਵੀਨਸ ਗੈਸ ਏਜੰਸੀ ਮਲੇਰਕੋਟਲਾ ਬਾਈਪਾਸ ਧੂਰੀ ਵਿਖੇ 13 ਮਈ ਰਾਤ ਨੂੰ ਕੀਰਤਨ ਅਖਾੜੇ ਸਜਣਗੇ

### ਚੋਹਲਾ ਸਾਹਿਬ (ਅੰਮ੍ਰਿਤਸਰ) ਵਿਖੇ ਰੈਣਿ ਸਬਾਈ ਕੀਰਤਨ

ਗੁ: ਦੂਖ ਨਿਵਾਰਨ ਸਾਹਿਬ ਚੋਹਲਾ ਸਾਹਿਬ ਵਿਖੇ 13 ਮਈ ਸ਼ਨੀਵਾਰ ਰਾਤ ਨੂੰ ਕੀਰਤਨ ਅਖਾੜੇ ਸਜਣਗੇ।

### ਗੁ: ਛੰਭ ਸਾਹਿਬ ਕਾਹਨੂੰਵਾਲ (ਗੁਰਦਾਸਪੁਰ) ਵਿਖੇ ਅਖੰਡ ਕੀਰਤਨ ਸਮਾਗਮ

ਛੋਟਾ ਘੱਲੂਘਾਰਾ ਦੇ ਸ਼ਹੀਦਾਂ ਦੀ ਯਾਦ ਵਿਚ ਗੁ: ਛੰਭ ਸਾਹਿਬ ਵਿਖੇ 18 ਤੋਂ ੨1 ਮਈ ਤੱਕ ਅਖੰਡ ਕੀਰਤਨ ਸਮਾਗਮ ਰਚਾਏ ਜਾਣਗੇ। ੨0 ਮਈ ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪ੍ਰੰਤ ਦੁਪਹਿਰ ਤੱਕ ਕੀਰਤਨ ਅਖਾੜੇ ਸਜਣਗੇ। ਸ਼ਾਮ ਨੂੰ ਸੋਦਰ ਉਪ੍ਰੰਤ ਰੈਣਿ ਸਬਾਈ ਕੀਰਤਨ ਆਰੰਭ ਹੋਣਗੇ। ਆਇ ਦੀਦਾਰ ਬਖਸ਼ੋ ਜੀ।

# ਰਿਸ਼ਤੇ ਨਾਤੇ

ਨੋਟ :–1. ਕੇਵਲ ਅੰਮ੍ਰਿਤਧਾਰੀ ਅਤੇ ਸ਼ਾਕਾਹਾਰੀ ਬੱਚਿਆਂ ਲਈ ਹੀ ਛਪਵਾਓ ਅਤੇ ਚਿੱਠੀ ਪੱਤਰ ਕਰੋ ਜੀ। ੨. ਕੇਵਲ ਕੇਸਕੀਧਾਰੀ ਬੀਬੀਆਂ ਵਾਸਤੇ ਹੀ ਛਪਵਾਓ ਅਤੇ ਚਿੱਠੀ ਪੱਤਰ ਕਰੋ। 3. ਇਸ਼ਤਿਹਾਰ ਛਪਵਾਉਣ ਲਈ ਬੱਚਿਆਂ ਅਤੇ ਆਪਣੇ ਬਾਰੇ ਪੂਰਾ ਵੇਰਵਾ ਸਪੱਸ਼ਟ ਲਿਖ ਕੇ ਸੂਰਾ ਦਫ਼ਤਰ ਭੇਜੋ ਜੀ। 4. ਛਪੇ ਇਸ਼ਤਿਹਾਰ ਦੇ ਜਵਾਬੀ ਪੱਤਰ ਨਾਲ ਇਕ 3 ਰੁ: ਦੀ ਟਿਕਟ ਲੱਗਿਆ ਬਗੈਰ ਕਿਸੇ ਐਡਰੈਸ ਤੋਂ Envelopoe ਨਾਲ ਭੇਜੋ ਜੀ।

LD-3੨7 26 ਸਾਲਾ ਕੱਦ 5'3'' M. A. B.ED. ਪ੍ਰਾਈਵੇਟ ਟੀਚਰ ਬੀਬੀ ਵਾਸਤੇ ਯੋਗ ਵਰ ਦੀ ਲੋੜ ਹੈ।

LD-3੨8 25 ਸਾਲਾ ਕੱਦ 5'੨'' B.A.B.ED. ਅਤੇ ਤਿੰਨ ਸਾਲਾ ਕਮਰਸ਼ੀਅਲ ਆਰਟਸ ਡਿਪਲੋਮਾ ਪਾਸ M.D. ਕਰ ਰਹੀ ਕੀਰਤਨੀ ਬੀਬੀ ਵਾਸਤੇ ਯੋਗ ਵਰ ਦੀ ਲੋੜ ਹੈ

LD-੨੯ 36 ਸਾਲਾ ਕੱਦ 5'4'' ਤਲਾਕਸ਼ੁਦਾ ਬਿਨਾਂ ਬੱਚੇ ਵਾਲੇ ਸ਼੍ਰੋਮਣੀ ਕਮੇਟੀ ਦੇ ਗ੍ਰੰਥੀ ਵੱਲੋਂ 5500/- ਮਾਸਿਕ ਦੀ ਨੌਕਰੀ ਕਰ ਰਹੇ ਸਿੰਘ ਲਈ ਬੀਬੀ ਦੀ ਲੋੜ ਹੈ।

LD-330 24 ਸਾਲਾ ਕੱਦ 5'3'' M.A. ਪੰਜਾਬੀ ਪਾਸ ਪ੍ਰਾਈਵਿਟ ਸਰਵਿਸ ੨000/- ਮਾਸਿਕ ਦੀ ਨੌਕਰੀ ਕਰ ਰਹੀ ਬੀਬੀ ਵਾਸਤੇ ਯੋਗ ਲੜਕੇ ਦੀ ਲੋੜ ਹੈ।

LD-331 33 ਸਾਲਾ, ਕੱਦ 5'3'' ਪਾਠੀ ਦੀ ਨੌਕਰੀ ਕਰਦੇ 3000/- ਮਾਸਿਕ ਤਨਖ਼ਾਹ ਵਾਲੇ ਸਿੰਘ ਲਈ ਯੋਗ ਬੀਬੀ ਦੀ ਲੋੜ ਹੈ।

LD-332 30 ਸਾਲਾ ਕੱਦ 5'10'' B.A. ਅਤੇ ਇਕ ਸਾਲਾ ਕੰਪਿਊਟਰ ਕੋਰਸ ਪਾਸ ਸਿੰਘ ਲਈ ਯੋਗ ਬੀਬੀ ਦੀ ਲੋੜ ਹੈ।

LD-333 28 ਸਾਲਾ ਕੱਦ 5'7'' B.A.M.S ਡਾਕਟਰ ਆਪਣੀ ਪ੍ਰੈਕਟਿਸ 10000/- ਮਾਸਿਕ ਆਮਦਨ ਵਾਲੇ ਸਿੰਘ ਲਈ ਯੋਗ ਬੀਬੀ ਦੀ ਲੋੜ ਹੈ।

LD-334 23 ਸਾਲਾ ਕੱਦ 5'5'' M.A. ਪਾਸ ਕੀਰਤਨੀ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-335 ੨4 ਸਾਲਾ ਕੱਦ 5'੪'' B.A. ਪਾਸ B.Ed ਅਤੇ M.A. ਕਰ ਰਹੀ ਇੰਟਰ ਪਾਸ ਡੈਕੋਰੇਸ਼ਨ, ਐਮਬਰਾਇਡਰੀ ਅਤੇ ਟੇਲਰਿੰਗ ਵਿਚ ਨਿਪੁੰਨ ਕੀਰਤਨੀ ਬੀਬੀ ਲਈ ਯੋਗ ਵਰ ਦੀ ਲੋੜ ਹੈ।

---

(ਬਾਕੀ ਦੇ ਪ੍ਰੋਗਰਾਮ ..)

ਮਾਸਿਕ ਰੈਣਿ ਸਬਾਈ ਕੀਰਤਨ ਗੁ: ਫਲਾਹੀ ਸਾਹਿਬ ਪਿੰਡ ਦੁਲੇਅ (ਲੁਧਿਆਣਾ) ਵਿਖੇ ੨0 ਮਈ ਰਾਤ ਨੂੰ

ਗੁ: ਬਿਬੇਕਸਰ ਸਾਹਿਬ ਅੰਮ੍ਰਿਤਸਰ ਵਿਖੇ ਮਾਸਿਕ ਰੈਣਿ ਸਬਾਈ ਕੀਰਤਨ ੨7 ਮਈ ਰਾਤ ਨੂੰ

ਗੁਰਪੁਰਵਾਸੀ ਡਾ: ਪ੍ਰੀਤਮ ਸਿੰਘ ਜੀ ਅਣਜਾਣ ਦੀ ਦੂਜੀ ਬਰਸੀ ਤੇ ਕੀਰਤਨ ਸਮਾਗਮ ਜਲੰਧਰ ਵਿਖੇ ਗੁਰੂ ਸਵਾਰੇ ਡਾਕਟਰ ਪ੍ਰੀਤਮ ਸਿੰਘ ਜੀ ਦੀ ਸਾਲਾਨਾ ਯਾਦ ਆਉਂਦਿਆਂ ਤਿਨ੍ਹਾਂ ਦੇ ਗ੍ਰਹਿ ਜਸਵੰਤ ਬੀਰ ਕਾਟੇਜ਼ ਥਥ੨8 ਬਾਗ ਕਰਮ ਬਖਸ਼ ਨੇੜੇ ਭਗਤ ਸਿੰਘ ਚੌਂਕ ਵਿਖੇ 10 ਜੂਨ ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। 11 ਜੂਨ ਐਤਵਾਰ ਸਵੇਰੇ 6 ਤੋਂ 1੨ ਵਜੇ ਤੱਕ ਗੁ: ਦੀਵਾਨ ਅਸਥਾਨ ਸੈਂਟਰਲ ਟਾਊਨ ਜਲੰਧਰ ਵਿਚੇ ਕੀਰਤਨ ਅਖਾੜੇ ਸਜਣਗੇ। ਆਇ ਦੀਦਾਰ ਬਖਸ਼ੋ ਜੀ।

ਗੁ: ਪਾਉਂਟਾ ਸਾਹਿਬ ਜ਼ਿਲਾ ਸਿਰਮੌਰ (ਹਿਮਾਚਲ ਪ੍ਰਦੇਸ਼) ਵਿਖੇ ਅਖੰਡ ਕੀਰਤਨ ਸਮਾਗਮ ਦਸਮ ਪਾਤਸ਼ਾਹ ਦੇ ਪਾਵਨ ਅਸਥਾਨ ਤੇ 16 ਜੂਨ ਤੋਂ 18 ਜੂਨ ਤੱਕ ਅਖੰਡ ਕੀਰਤਨ ਸਮਾਗਮ ਰਚਾਏ ਜਾਣਗੇ। ਵੇਰਵਾ ਆਉਂਦੇ ਪਰਚੇ ਵਿਚ।

---

## ਫ੍ਰੀ ਲਿਟ੍ਰੇਚਰ ਫੰਡ ਲਈ ਸਹਾਇਤਾ

| | | | |
|---|---|---|---|
| ਗੁਪਤ- | ੩00/- | ਸ੍ਰ: ਜਸਬੀਰ ਸਿੰਘ ਬਠਿੰਡਾ- | ੫0/- |
| ਸ੍ਰ: ਰਾਜਦੀਪ ਸਿੰਘ ਲੁਧਿ- | ੧00/- | ਸ੍ਰ: ਕੁਲਵੰਤ ਸਿੰਘ ਜਲੰਧਰ- | ੨00/- |
| ਸ੍ਰ: ਕਰਤਾਰ ਸਿੰਘ ਗਰੀਬ ਲੁਧਿ:- | ੨0/- | ਸ੍ਰ: ਨਰਿੰਦਰ ਜੀਤ ਸਿੰਘ (ਦਿੱਲੀ)- | ੧੫0/- |
| ਸ੍ਰ: ਪ੍ਰਭਜੋਤ ਸਿੰਘ ਲੁਧਿ:- | ੧੧00/- | ਸ੍ਰ: ਸਾਇਮਨ ਪ੍ਰੀਤ ਸਿੰਘ - | ੫0/- |


www.AKJ.Org

## ਗੁਰਮੁਖ ਪਿਆਰੀਆਂ ਰੂਹਾਂ ਜੋ ਪਿਛਲੇ ਦਿਨੀ ਵਿਛੋੜਾ ਦੇ ਗਈਆਂ



### ਭਾਈ ਹਰੀ ਸਿੰਘ ਜੀ ਮੰਡੀ ਗੋਬਿੰਦਗੜ੍ਹ

ਨਾਮ ਬਾਣੀ ਦੇ ਅਭਿਆਸੀ ਅਤੇ ਸਰਬਲੋਹੀ ਰਹਿਤ ਮਰਿਯਾਦਾ ਦੇ ਪਰਪੱਕ ਭਾਈ ਹਰੀ ਸਿੰਘ ਜੀ ਖਾਲਸਾ ਮੰਡੀ ਗੋਬਿੰਦਗੜ੍ਹ ਜੋ 73 ਕੁ ਸਾਲ ਆਯੂ ਭੋਗ ਕੇ ੨੨.੨.2000 ਨੂੰ ਗੁਰਪੁਰੀ ਪਿਆਨੇ ਕਰ ਗਏ।

ਆਪ ਜੀ ਨੇ ਜੱਥੇ ਵਿਚ ਪਿਛਲੇ 35 ਕੁ ਸਾਲਾਂ ਤੋਂ ਭਾਣੇ ਅੰਦਰਿ ਸੁੱਚੀ ਕਿਰਤ ਕਰਦਿਆਂ ਨਾਮ ਬਾਣੀ ਦੀ ਅਟੁੱਟ ਕਮਾਈ ਕੀਤੀ। ਗੁਰੂ ਬਖਸ਼ਿਸ਼ ਨਾਲ ਸਾਦਗੀ ਅਤੇ ਸਰਬਲੋਹੀ ਮਰਿਯਾਦਾ ਨੂੰ ਅਖੀਰਲੇ ਸਵਾਸਾਂ ਤਕ ਨਿਭਾਇਆ। ਆਪ ਜੀ ਦੀ ਗੁਰਸਿੱਖੀ ਪ੍ਰਤੀ ਅਥਾਹ ਸ਼ਰਧਾ ਦੀ ਝਲਕ ਆਪ ਜੀ ਵੱਲੋਂ 1.8.95 ਨੂੰ ਹੀ ਲਿਖੇ ਉਸ ਪੱਤਰ ਵਿਚੋਂ ਮਿਲਦੀ ਹੈ ਜਿਸ ਵਿਚ ਆਪ ਜੀਨੇ ਆਪਣੇ ਚਲਾਣੇ ਤੋਂ ਬਾਦ ਆਪਣੇ ਪ੍ਰੀਵਾਰ ਦੇ ਜੀਆਂ ਵਲੋਂ ਕੀਤੇ ਜਾਣ ਵਾਲੇ ਰੀਤੀ ਰਿਵਾਜਾਂ ਨੂੰ ਕੇਵਲ ਗੁਰਮਤ ਅਨੁਸਾਰ ਕਰਨ ਅਤੇ ਕੇਵਲ ਅਖੰਡ ਕੀਰਤਨ ਦੇ ਅਖਾੜੇ ਸਜਾਉਣ ਦੀ ਬੇਨਤੀ ਕੀਤੀ ਹੈ। ਆਪ ਜੀ ਦੇ ਮਨ ਵਿਚ ਸਰਬ ਲੋਹ ਦੇ ਬਰਤਨਾਂ ਲਈ ਨਿੱਘਾ ਪਿਆਰ ਅਤੇ ਸਤਿਕਾਰ ਦੇ ਦਰਸ਼ਨ ਵੀ ਆਪ ਜੀ ਦੇ ਪੱਤਰ ਵਿਚੋਂ ਹੁੰਦੇ ਹਨ ਜਿਸ ਰਾਹੀਂ ਆਪਣੇ ਤੋਂ ਬਾਦ ਉਨ੍ਹਾਂ ਦੀ ਸੰਭਾਲ ਸੋਨੇ ਦੀ ਤਰ੍ਹਾਂ ਕਰਨ ਦੀ ਜੋਦੜੀ ਕੀਤੀ ਹੈ।
ਸਤਿਗੁਰੂ ਸੱਚੇ ਪਾਤਸ਼ਾਹ ਸਾਨੂੰ ਅਲਪਗ ਜੀਵਾਂ ਨੂੰ ਉਨ੍ਹਾਂ ਦੇ ਸੁੱਚੇ ਕਿਰਤੀ ਜੀਵਨ ਵਿਚ ਢਾਲੇ ਹੋਏ ਗੁਰਮਤਿ ਗਾਡੀ ਮਾਰਗ ਤੇ ਚਲਣ ਦੀ ਸੁਮਤਿ ਬਖਸ਼ਣ।



### ਅਣਥੱਕ ਸੇਵਾਦਾਰ ਭਾਈ ਸੁਰਜੀਤ ਸਿੰਘ ਜੀ

ਵਿਰਲੀਆਂ ਗੁਰਮੁਖੀ ਰੂਹਾਂ ਇਸ ਸੰਸਾਰ ਤੇ ਆਉਂਦੀਆਂ ਹਨ ਹੋ ਆਪਣੇ ਜੀਵਨ ਨੂੰ ਗੁਰ ਸੰਗਤ ਦੀ ਸੇਵਾ ਵਿਚ ਲਗਾ ਕੇ ਸਫ਼ਲ ਬਣਾਉਂਦੀਆਂ ਹਨ ਤੇ ਇਸ ਸੇਵਾ ਸਦਕਾ ਅੰਤਮ ਸਮੇਂ ਵੀ ਇਸ ਸਰੀਰਕ ਜਾਮੇ ਵਿਚ ਹੀ, ਜੀਵਨ ਦੌਰਾਨ ਹੋਈਆਂ ਬੇਅਦਬੀਆਂ ਨੂੰ ਬਖਸ਼ਵਾ ਕੇ ਸੁਰਖਰੂ ਹੋ ਪ੍ਰਭੂ ਦੇ ਦਰ ਤੇ ਪਹੁੰਚਦੀਆਂ ਹਨ। ਇਹਨਾਂ ਵਰਗੀ ਹੀ ਇਕ ਗੁਰਮੁਖੀ ਰੂਹ ਸਨ ਭਾਈ ਸੁਰਜੀਤ ਸਿੰਘ ਜੀ ਜੋ 1975 ਵਿਚ ਅਖੰਡ ਕੀਰਤਨੀ ਜੱਥੇ ਦੇ ਸੰਪਰਕ ਵਿਚ ਆਉਣ ਤੋਂ ਬਾਅਦ ਸਤਸੰਗੀ ਮੰਡਲਾਂ ਦੇ ਨਜ਼ਾਰੇ ਮਾਣਦਿਆਂ 1981 ਨੂੰ ਪ੍ਰੀਵਾਰ ਸਮੇਤ ਅੰਮ੍ਰਿਤ ਛਕ ਕੇ ਜਹਾਜੇ ਚੜ੍ਹੇ ਤੇ ਉਸ ਤੋਂ ਬਾਅਦ ਆਪਣੇ ਅੰਤਲੇ ਸਮੇਂ ਤੱਕ ਕੀਰਤਨ ਸਮਾਗਮਾਂ ਦੌਰਾਨ ਹਰ ਪ੍ਰਕਾਰ ਦੀ ਸੇਵਾ ਵਿਚ ਤਤਪਰ ਰਹੇ। ਆਪਣੀ ਜ਼ਿੰਦਗੀ ਦੇ ਵੱਡਮੁਲੇ 15 ਵਰ੍ਹੇ (1960 ਤੋਂ 1975 ਤੱਕ) ਆਪ ਜੀ ਨੇ ਏਅਰਫੋਰਸ ਵਿਚ ਸੇਵਾ ਕਰਕੇ ਦੇਸ਼ ਸੇਵਾ ਵਿਚ ਵੀ ਹਿੱਸਾ ਪਾਇਆ। 1984 ਤੋਂ ਬਾਅਦ ਆਪ ਜੀ ਨੇ ਆਪਣਾ ਟਿਕਾਣਾ ਲੁਧਿਆਣਾ ਵਿਖੇ ਬਣਾਇਆ। ਆਪ ਜੀ ਸੇਵਾ ਲਈ ਇਤਨੇ ਤਤਪਰ ਰਹਿੰਦੇ ਸਨ ਕਿ ਕਿਸੇ ਵੱਲੋਂ ਵੀ ਸੇਵਾ ਵਾਸਤੇ ਇਕ ਵਾਰੀ ਸੱਦਾ ਆ ਜਾਵੇ ਤੇ ਆਪਣੇ ਸਾਰੇ ਰੁਝੇਵੇਂ ਛੱਡ ਕੇ ਉਥੇ ਜਾ ਪਹੁੰਚਦੇ। ਇਸ ਤੋਂ ਇਲਾਵਾ ਮਹੀਨੇ ਵਿਚ ਕਈ ਦਿਨ ਆਪ ਲੁਧਿਆਣੇ ਤੋਂ ਸ੍ਰੀ ਅੰਮ੍ਰਿਤਸਰ ਜਾ ਕੇ ਤ੍ਰਿਪਹਿਰੇ ਦੇ ਇਸ਼ਨਾਨ ਦੀ ਸੇਵਾ ਨਿਭਾਹੁੰਦੇ। ਆਪ ਜੀ ਦੀ ਸੇਵਾ ਅਤੇ ਸੁਰਤੀ ਬਿਰਤੀ ਨੂੰ ਮੁੱਖ ਰੱਖਦਿਆਂ ਸੰਗਤਾਂ ਵੱਲੋਂ ਆਪ ਜੀ ਨੂੰ ਅੰਮ੍ਰਿਤ ਸੰਚਾਰ ਸਮਾਗਮਾਂ ਵਿਚ ਸੇਵਾ ਕਰਨ ਲਈ ਵੀ ਚੁਣਿਆ ਜਾਂਦਾ। ਲੁਧਿਆਣਾ ਦੇ ਕੇਂਦਰੀ ਕੀਰਤਨ ਸਮਾਗਮ ਦੌਰਾਨ ਸਾਰੇ ਸਮਾਗਮਾਂ ਦੀਆਂ ਦੇਗਾਂ ਸਜਾਉਣ ਦੀ ਸੇਵਾ ਆਪ ਪੂਰੀ ਜਿੰਮੇਵਾਰੀ ਨਾਲ ਸਮੇਂ ਸਿਰ ਨਿਭਾਹੁੰਦੇ।

ਆਪ ਜੀ ਦੀਆਂ ਕੀਤੀਆਂ ਘਾਲ ਕਮਾਈਆਂ ਸਦਕਾ ਹੀ ਆਪ ਜੀ ਦੇ ਅੰਤਲੇ ਸਮੇਂ ਤੋਂ ਕੁਝ ਦਿਨ ਪਹਿਲਾਂ ਬੀਮਾਰੀ ਕਾਰਨ ਸਰੀਰਕ ਤੌਰ ਤੇ ਹੋਈਆਂ ਬੇਅਦਬੀਆਂ ਕਾਰਣ, ਕੁਝ ਸਿੰਘਾਂ ਨੂੰ ਅੰਮ੍ਰਿਤ ਸੰਚਾਰ ਕਰਕੇ ਆਪ ਨੂੰ ਦੁਬਾਰਾ ਅੰਮ੍ਰਿਤ ਛਕਾਉਣ ਦੀ ਪ੍ਰੇਰਨਾ ਹੋਈ। ਇਸ ਪ੍ਰੇਰਨਾ ਸਦਕਾ ੨੨ ਅਪ੍ਰੈਲ ਨੂੰ ਅੰਮ੍ਰਿਤ ਸੰਚਾਰ ਕਰਕੇ ਆਪ ਜੀ ਨੂੰ ਦੁਬਾਰਾ ਅੰਮ੍ਰਿਤ ਛਕਾਇਆ ਗਿਆ। ਐਸੀ ਕਲਾ ਵਰਤੀ ਕਿ ਜਿਥੇ ਕੁਝ ਦਿਨ ਪਹਿਲਾਂ ਤੋਂ ਆਪ ਜੀ ਪਾਣੀ ਤੱਕ ਵੀ ਨਹੀਂ ਲੰਘਾ ਰਹੇ ਸਨ ਪਰ ਅੰਮ੍ਰਿਤ ਦੀਆਂ ਬੂੰਦਾ ਆਪ ਬਗੈਰ ਕਿਸੇ ਕਠਿਨਾਈ ਦੇ ਛਕ ਗਏ। ਅਤੇ ਸਰੀਰਕ ਤੌਰ ਤੇ ਹੋਈਆਂ ਬੇਅਦਬੀਆਂ ਤੋਂ ਸੁਰਖਰੂ ਹੋਏ। ਅੰਮ੍ਰਿਤ ਛਕਣ ਤੋਂ ਤਕਰੀਬਨ ੨੨ ਘੰਟੇ ਬਾਦ ਹੀ ਆਪ ੨੩ ਅਪ੍ਰੈਲ ਨੂੰ ਅਕਾਲ ਚਲਾਣਾ ਕਰ ਗਏ। ਗੁਰੂ ਪਾਤਸ਼ਾਹ ਕਿਰਪਾ ਕਰਨ ਆਪਣੇ ਇਸ ਸੇਵਾਦਾਰ ਨੂੰ ਸਦੀਵੀ ਕਾਲ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਅਤੇ ਅਸਾਨੂੰ ਵੀ ਉਹਨਾਂ ਦੀ ਜੀਵਨ ਤੋਂ ਪ੍ਰੇਰਨਾ ਲੈ ਕੇ ਸੰਗਤਾਂ ਦੀ ਸੇਵਾ ਦੇ ਚਾਅ ਉਮਾਹ ਬਖਸ਼ਣ।


www.AKJ.Org

# ਕੀਰਤਨ ਸਮਾਗਮਾਂ ਦੀਆਂ ਝਲਕਾਂ

















ਪਰ 1, 2, 3 ਸ੍ਰੀ ਅੰਮ੍ਰਿਤਸਰ ਵਿਖੇ ਵੈਸਾਖੀ ਦੇ ਕੇਂਦਰੀ ਕੀਰਤਨ ਸਮਾਗਮ ਸਮੇਂ ਜੰਮੂ ਅਤੇ ਲੁਧਿਆਣਾਂ ਦੇ ਜੱਥੇ ਕੀਰਤਨ ਕਰਦੇ ਹੋਏ। ਫੋਟੋ 4 ਤੋਂ 7 ਯੂ.ਕੇ. ਵਿਖੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਕਾਵੈਂਟਰੀ ਦੀ ਨਵੀਂ

www.AKJ.Org

R.N.I. No. 12245/66 SURA MAY 2000 P.O. Regd. No. PB/ 0195/2000

# ਸਿੰਘਾ ਦਾ ਛੋਟਾ ਘੱਲੂਘਾਰਾ



ਜੂਨ ਸੰਨ 1746 ਈ: ਨੂੰ ਇਹ ਘੱਲੂਘਾਰਾ ਕਾਨੂਵਾਨ ਦੇ ਛੰਬ ਜ਼ਿਲਾ ਗੁਰਦਾਸਪੁਰ ਵਿੱਚ ਨਵਾਬ ਯਾਹੀਆ ਖ਼ਾਨ ਸੂਬਾ ਲਾਹੌਰ ਦੇ ਦੀਵਾਨ ਲਖਪਤ ਰਾਇ ਦੇ ਅਚਾਨਕ ਫ਼ੌਜੀ ਚੜ੍ਹਾਈ ਕਰਨ ਤੇ ਹੋਇਆ ਸੀ। ਇਸ ਘੱਲੂਘਾਰੇ ਵਿੱਚ ਲਗਭਗ ਵੀਹ ਹਜ਼ਾਰ ਸਿੰਘ ਸ਼ਹੀਦ ਹੋਏ ਸਨ।

ਇਹਨਾਂ ਸ਼ਹੀਦਾਂ ਦੀ ਯਾਦ ਮਨਾਉਂਦਿਆਂ ਗੁ: ਛੰਬ ਸਾਹਿਬ ਕਾਹਨੂੰਵਾਨ ਵਿਖੇ 18 ਤੋਂ 21 ਮਈ ਤੱਕ ਕੀਰਤਨ ਸਮਾਗਮ ਹੋ ਰਹੇ ਹਨ। ਵੇਰਵਾ ਅੰਦਰ ਦੇਖੋ ਜੀ।

SURA (Monthly) Kothi No. 12, Block-1. BHAI RANDHIR SINGH NAGAR, LUDHIANA-141 004

www.AKJ.Org